ੴ
ਮਾਸਿਕ ਪੱਤ੍ਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥

NOV 1992
ਨਵੰਬਰ ੧੯੯੨

## ਸਭ ਤੋ ਵਡਾ

ੴ

## ਸਤਿਗੁਰੂ ਨਾਨਕ

## ਜਿਨਿ ਕਲ ਰਾਖੀ ਮੇਰੀ

(ਮ: ੫)

ਅਖੰਡ ਕੀਰਤਨੀ ਜਥਿਆਂ ਵਲੋਂ ਗੁਰੂ ਨਾਨਕ ਨਿਰੰਕਾਰੀ ਦਾ ਪ੍ਰਕਾਸ਼ ਗੁਰਪੁਰਬ
ਜਲੰਧਰ ਵਿਖੇ 8 ਤੋਂ 11 ਨਵੰਬਰ ਤਕ

www.AKJ.Org

# ਤਤਕਰਾ


| | | |
|---|---|---|
| ਸਭ ਤੇ ਵਡਾ ਸਤਿਗੁਰੁ ਨਾਨਕ | ੩ | 'ਗੁਰਮਤਿ ਪ੍ਰਕਾਸ਼' ਵਿਚੋਂ |
| ਸੱਚ ਭੰਡਾਰ ਦਾ ਮਾਲਕ ਗੁਰੂ ਨਾਨਕ ਹੈ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਬੇਬੇ ਨਾਨਕੀ ਤੇ ਮਾਤ ਸੁਲੱਖਣੀ | ੭ | ਭਾਈ ਨਰੈਣ ਸਿੰਘ ਜੀ ਐਮ. ਏ. |
| ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ | ੧੦ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾਂ |
| ਸਫਲ ਸ਼ਹਾਦਤ | ੧੫ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ | ੧੮ | ਸ: ਸੰਗਤ ਸਿੰਘ ਜੀ 'ਹੀਰਾ' |
| ਸ੍ਰੀ ਨਨਕਾਣਾ ਸਾਹਿਬ .....ਤੋਂ ਵਿਛੋੜਿਆ ਗਿਆ | ੧੯ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਭਾਈ ਗੁਰਬਖਸ਼ ਸਿੰਘ ਜੀ ਕਮਾਲਪੁਰਾ (੨) | ੨੧ | ਭਾ: ਸ: ਭਾਈ ਰਣਧੀਰ ਸਿੰਘ ਜੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੧੦) | ੨੭ | — — — |
| ਸਿਖ ਧਰਮ ਵਿਚ ਹੁਕਮ | ੩੧ | ਡਾਕਟਰ ਫ਼ੌਜਾ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੩੨) | ੩੬ | ਕੈਪਟਿਨ ਸਵਰਨ ਸਿੰਘ ਜੀ |
| ਦੋ ਪੁਰਾਤਨ ਗੁਰਸਿਖ ਵੀਰਨਾਂ ਦਾ ਵਿਛੋੜਾ | ੪੩ | — — — |
| ਆਂਡਾ ਸਿਹਤ ਲਈ ਖ਼ਤਰਨਾਕ ਮਾਰੂ ਜ਼ਹਿਰ | ੪੫ | ਜੇ ਪੀ. ਸੰਗਤ ਸਿੰਘ ਜੀ |
| ਦੁਬੇੜੀ-ਲੱਤਾਂ | ੪੬ | ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ. ਲਿਟ. |
| ਕਵਿਤਾਵਾਂ ੯, ੧੮, ੨੬; ੪੪, ੪੮, ੪੯, ੫੦ | | ਮਿੱਤਰ, ਪਾਂਧੀ ਨਨਕਾਣਵੀ, ਜਾਚਕ, ਨੀਰ, ਮੰਡੇਰ |


ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ੧੦ ਨਵੰਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੨੭ ਨਵੰਬਰ
ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ (ਸ਼ਹੀਦੀ) ੨੯ ਨਵੰਬਰ

**ਸੋਧ ਲਵੋ ਜੀ**—ਭਾ: ਸਾ: ਰਣਧੀਰ ਸਿੰਘ ਜੀ ਨੇ ੧੬-੪-੧੯੬੧ ਨੂੰ ਅਕਾਲ ਚਲਾਣਾ ਕੀਤਾ 'ਸੂਰਾ' ਅਕਤੂਬਰ ੯੨, ਸਫਾ ੩੩ ਤੇ ਇਹ ਤਰੀਕ ਗਲਤ ਛਪ ਗਈ ਹੈ।

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਲੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫ (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੧. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ. ਜੀ. ਟੀ. ਰੋਡ, ਫ਼ੋਨ 43549
੧੨. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।


ਲਾਕਟ ਪ੍ਰਿੰਟਰਜ਼, ਬਜ਼ਾਰ ਬਾਕਾ ਭੇੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੨-੧੧-੯੨ ਨੂੰ ਪ੍ਰਕਾਸ਼ਤ ਕੀਤਾ



www.AKJ.Org

ਸੂਰਾ

ਸਾਲਾਨਾ ਚੰਦਾ

| | |
|---|---|
| ਦੇਸ਼ | ੩੦-੦੦ |
| ਇਕ ਪਰਚਾ | ੩.੦੦ |

ਪਰਦੇਸ (ਸਾਰੇ)

ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

ਅਮਾਨਤੀ

ਲਾਈਫ਼ ਮੈਂਬਰ

| | |
|---|---|
| ਦੇਸ | ੨੫੦-੦੦ |

ਪਰਦੇਸ (ਸਾਰੇ)

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੯ ਨਵੰਬਰ ੧੯੯੨ ਅੰਕ ੧੧

# ਸਭ ਤੋ ਵਡਾ ਸਤਿਗੁਰੁ ਨਾਨਕ

ਸੰਸਾਰ ਵਿਖੇ ਜੋ ਜੋ ਔਲੀਆ, ਅੰਬੀਆ, ਗੌਂਸ, ਪੈਗੰਬਰ, ਅਵਤਾਰ ਆਏ, ਉਹਨਾਂ ਦੇ ਮੁਰਾਤਬੇ ਦੀ ਵਡਿਆਈ, ਉਹਨਾਂ ਦੇ ਸੰਸਾਰ ਪ੍ਰਤੀ ਵਰੋਸਾਏ ਦਾਤਿ-ਜੋਤੀ ਕਰਤੱਵ ਤੋਂ ਹੀ ਪੇਖੀ-ਪਰਖੀ ਜਾਂਦੀ ਹੈ। ਸੰਸਾਰੀਆਂ ਲਈ ਸਭ ਤੋਂ ਵੱਡੀ ਦਾਤਿ ਉਹ ਹੈ ਜੋ ਸੰਸਾਰੀਆਂ ਨੂੰ ਸੰਸਾਰ ਤੋਂ ਉੱਚਾ ਕਰ ਦਿਖਲਾਏ, ਜੋ ਸੰਸਾਰੀਆਂ ਨੂੰ ਸੰਸਾਰਤ ਭਾਵ ਤੋਂ ਉਚੇਰੇ ਆਤਮ-ਮੰਡਲ ਵਿਖੇ ਉਡਾਰੀਆਂ ਦੇਣ ਲਈ ਸ਼ਕਤਿ-ਪੰਖ ਪ੍ਰਦਾਨ ਕਰੇ, ਜੋ ਆਤਮ ਪਰਮਾਤਮ ਦੇ ਸੰਗਮ ਦਿਖਲਾਉਣ ਲਈ ਪਾਰਸ-ਕਲਾ ਵਾਲੇ ਵਰਤਾਰੇ ਪਰਤੱਖ ਵਰਤਾਣ ਨੂੰ ਸਮਰੱਥ ਹੋਵੇ। ਸਭ ਤੋਂ ਵੱਡੀ ਦਾਤਿ ਓਹ ਹੈ ਜੋ ਸਭ ਤੋਂ ਵੱਡੇ ਸਾਹਿਬ ਅਲੱਖ ਦਾਤਾਰ, ਸਾਰੀ ਸ੍ਰਿਸ਼ਟੀ ਦੇ ਸਿਰਜਣਹਾਰ ਨੂੰ, ਅਗਮ ਅਗੋਚਰ ਅਤੇ ਸਰਬੱਗ ਕਰਤਾਰ ਨੂੰ ਅਸਾਂ ਪੰਜ-ਭੂਤਕੀ ਸ੍ਰਿਸ਼ਤ (ਖ਼ਮੀਰ) ਵਾਲੇ ਸਿਰਜੇ ਸੰਸਾਰੀ ਅਲਪੱਗ ਜੀਵਾਂ ਪ੍ਰਤੀ ਸਾਂਗੋ-ਪਾਂਗ ਲਖਾਇਕ ਹੋਵੇ।

ਅਜਿਹੀ ਸਭ ਤੋਂ ਉੱਚੀ ਸੁੱਚੀ ਅਤੇ ਸਭ ਤੋਂ ਵੱਡੀ ਦਾਤਿ ਦਾ ਲਖਾਵਣਹਾਰਾ ਦਾਤਾਰ ਨਿਰਸੰਦੇਹ ਸਭ ਤੋਂ ਵੱਡਾ ਸਤਿ ਪੁਰਖ ਹੈ। ਜੋਤਿ ਪ੍ਰਕਾਸ਼ ਨੂੰ ਗੁਪਤੋਂ ਪਰਗਟ ਕਰਨਹਾਰਾ ਹੀ ਸੱਚਾ ਸਤਿਗੁਰੂ ਸਭ ਤੋਂ ਵਡਾ ਸਤਿਗੁਰੂ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਧੁਰ ਦਰਗਾਹੋਂ ਸਭ ਤੋਂ ਵੱਡੀ ਦਾਤਿ ਇਲਾਹੀ ਨਾਮ ਦੀ ਬਖ਼ਸ਼ਿਸ਼ (ਦਾਤਿ) ਪਾਈ ਅਤੇ ਸੰਸਾਰ ਵਿਚ ਆ ਕੇ ਪਰਗਟ ਕਰਿ ਵਰਤਾਈ।

[ਗੁਰਮਤਿ ਪ੍ਰਕਾਸ਼, ਪੰਨਾ ੯



www.AKJ.Org

# ਸੱਚ ਭੰਡਾਰੇ ਦਾ ਮਾਲਕ ਗੁਰੂ ਨਾਨਕ ਹੈ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸਚੁ ਸਚਾ ਸਭਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ।
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥
ਓਇ ਬੋਲੈ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥

ਗਉੜੀ ਕੀ ਵਾਰ ਮਹਲਾ ੪, ਪੰਨਾ ੩੦੪

ਨਾਮੁ ਤੇ ਨਾਮੀ ਨੂੰ ਅਭੇਦ ਰੂਪ ਹੋਣ ਕਰਿ, ਇਕ ਸਰੂਪ ਕਰਿ ਹੀ ਗੁਰਬਾਣੀ ਅੰਦਰਿ, ਵਰਨਣ ਕੀਤਾ ਗਿਆ ਹੈ। ਨਾਮੁ ਹੈ ਸਚੁ ਤੇ ਨਾਮੀ ਹੈ ਸੱਚਾ। ਇਹ ਗੁਰਮਤਿ ਨਿਰੂਪਿਆ ਇਕ-ਮਿਕੀ ''ਸਚੁ ਸਚਾ'' ਸਭ ਸੱਚਾਂ ਤੋਂ (ਸਭਦੂੰ) ਵੱਡਾ ਹੈ। ਹੋਰ ਸੱਚ ਸਭ ਏਦੂੰ ਹੇਠਾਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਨਾਮੁ ਤੋਂ ਵੱਡਾ ਹੋਰ ਕੌਣ ਹੋ ਸਕਦਾ ਹੈ ? ਵਾਹਿਗੁਰੂ ਅਤੇ ਵਾਹਿਗੁਰੂ ਨਾਮੁ ਤੋਂ ਵੱਡਾ ਤੇ ਉੱਚਾ ਸਚੁ ਹੋਰ ਕਿਹੜਾ ਹੋ ਸਕਦਾ ਹੈ ?

ਇਹ ਸਭ ਦੂੰ ਵਡਾ ਤੇ ਸਭਦੂੰ ਉੱਚਾ 'ਸਚੁ' ਸਭ ਤੋਂ ਪਹਿਲਾਂ ਮਿਲਿਆ ਤਾਂ ਸਚੇ ਸਤਿਗੁਰੂ, ਸਭ ਤੋਂ ਵਡੇ ਸਤਿਗੁਰੂ ਨਾਨਕ ਦੇਵ ਜੀ ਨੂੰ ਮਿਲਿਆ। ਸਚ ਨਾਮ ਦੇ ਭੰਡਾਰ ਦਾ ਮਾਲਕ, ਅਕਾਲ ਪੁਰਖ ਦੇ ਹੁਕਮ ਅਨੁਸਾਰ, ਸਭ ਤੋਂ ਪਹਿਲਾਂ ਬਣਿਆ ਤਾਂ ਸੱਚਾ ਸਤਿਗੁਰੂ ਗੁਰੂ ਨਾਨਕ ਦੇਵ ਹੀ ਬਣਿਆ । ਸਚੁ ਨਾਮ ਭੰਡਾਰੀ ਬਣਨ ਦਾ ਸ਼ਰਫ਼ ਹਾਸਲ ਹੋਇਆ ਤਾਂ ਸਤਿਗੁਰੂ ਨਾਨਕ ਸਾਹਿਬ ਨੂੰ ਹੋਇਆ। ਇਸ 'ਸਚੁ' ਨਾਮ ਦੇ ਭੰਡਾਰੇ ਵਿਚੋਂ ਗੁਰਪ੍ਰਸਾਦ ਕਰਿ, ਗੁਰੂ ਨਾਨਕ ਦੇਵ ਦੇ ਪ੍ਰਸਾਦ ਕਰਿ ਸਭ ਜਗਤ ਵਰੋਸਾਇਆ। ਜਿਸ ਜਿਸ ਜਨ ਉਤੇ ਜਗਤ ਗੁਰੂ ਨਾਨਕ ਤੁਠਾ, ਤਿਸ ਤਿਸ ਨੂੰ ਸਚੁ ਨਾਮੁ ਰੂਪੀ ਖੌਸ਼ਾ ਤੋਸ਼ਾ ਇਸ ਅਤੁਟ ਭੰਡਾਰੇ ਵਿਚੋਂ ਮਿਲਿਆ। ਅਧਿਕਾਰ ਪਾਤਰਤਾ ਅਨੁਸਾਰ ਮਿਲਿਆ, ਪਰ ਇਸ ਸਚੁ ਨਾਮੁ ਅਤੁੱਟ ਭੰਡਾਰੇ ਦੀ ਸੌਂਪਣਾ ਕੇਵਲ, ਕੇਵਲ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਹੋਈ, ਅਕਾਲ ਪੁਰਖ ਦੇ ਥਾਪੇ ਗੁਰੂ ਸਤਿਗੁਰੂ ਨਾਨਕ ਦੇਵ ਨੂੰ ਹੋਈ। ਫਿਰ ਗੁਰੂ ਅਕਾਲ ਪੁਰਖ ਦੀ ਅਜ਼ਲ ਅਬਦੀ ਰਜ਼ਾ ਅਨੁਸਾਰ ਇਸ 'ਸਚੁ' ਭੰਡਾਰੇ ਦੇ ਵਰਤਾਰੇ ਦੀ ਸੌਂਪਣਾ ਤਿਸੇ ਗੁਰੂ ਜੋਤਿ ਜਾਮੇ ਨੂੰ ਹੋਈ, ਜਿਸ ਨੂੰ ਕਿ ਅਕਾਲ ਪੁਰਖ ਦੇ ਥਾਪੇ ਸਤਿਗੁਰੂ ਨੇ ਨਿਜ ਥਾਂ ਜਾਂ-ਨਸ਼ੀਨ ਥਪਿਆ, ਜਿਸ ਨੂੰ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ 'ਸਚੁ ਨਾਮੁ' ਭਗਤਿ ਭੰਡਾਰੇ ਦਾ ਭੰਡਾਰੀ ਟਿੱਕਿਆ। ਗੁਰੂ ਅਕਾਲ ਪੁਰਖ ਟਿੱਕੇ, ਗੁਰ ਸਤਿਗੁਰ ਟਿੱਕੇ ਹਰ ਇਕ ਭੰਡਾਰੀ ਵਲੋਂ ਇਸ 'ਸਚ ਨਾਮ' ਦੇ ਸਮੁੱਚੇ ਭੰਡਾਰੇ ਵਿਚੋਂ 'ਸਚੁ ਨਾਮੁ' ਦੀਆਂ ਦਾਤਾਂ ਅਨੇਕ ਅਧਿਕਾਰੀਆਂ ਅਤੇ 'ਸਚੁ ਨਾਮੁ' ਦੇ ਵਪਾਰੀਆਂ ਨੂੰ ਮਿਲੀਆਂ। ਪਰ ਗੁਰੂ ਅਕਾਲ ਪੁਰਖ ਦੇ ਹੁਕਮ ਰਜਾਈ ਟਿੱਕੇ (ਥਾਪੇ) ਸਤਿਗੁਰੂ ਬਾਝਹੁ ਇਸ 'ਸਚੁ ਨਾਮੁ' ਭੰਡਾਰ ਦਾ ਭੰਡਾਰੀ ਹੋਰ ਕੋਈ ਨਹੀਂ ਬਣਿਆ, ਨਾ ਹੀ ਬਣ ਸਕਿਆ। ਹੁਕਮੀ ਅਕਾਲ ਪੁਰਖ ਦੇ ਹੁਕਮ ਪਠਾਏ, ਹੁਕਮ ਰਜਾਏ, ਥਾਪ ਥਪਾਏ, ਸਚੁ ਨਾਮੁ ਭੰਡਾਰਚੀ ਮਹਾਂਪੁਰਖ ਹੀ ਸਤਿਗੁਰੂ ਸਦਾਏ, ਸਤਿਗੁਰੂ ਦੀ ਮਹਾਂ ਉਚ ਪਦਵੀ ਨੂੰ ਪ੍ਰਾਪਤਿ ਹੋਏ।

ਆਪੇ ਬਣਿ ਬੈਠੇ ਪੋਚ ਗੁਰੂ, ਇਸ ਗੁਰੂ ਪਦਵੀ ਤੋਂ ਵਾਂਜੇ ਹੀ ਰਹੇ। ਵਾਂਜੇ ਹੀ ਨਹੀਂ ਰਹੇ, ਸਗੋਂ ਗੁਰੂ ਘਰ ਵਿਚੋਂ ਹੀ ਧੱਕੇ ਗਏ। ਸਚ ਨਾਮ ਦੇ ਭੰਡਾਰੀ ਤਾਂ ਉਹਨਾਂ ਨੇ ਕੀ ਹੋਣਾ ਸੀ, ਓਹ ਤਾਂ ਸਚ ਨਾਮ ਦੇ ਕਿਣਕੇ ਮਾਤ੍ਰ ਤੋਂ ਭੀ ਵੰਚਤ ਹੀ ਰਹਿ ਗਏ। ਸਚ ਸਚੇ ਦੀ ਸਿਫਤਿ ਸਾਲਾਹ ਦਾ ਅੰਮ੍ਰਿਤ-ਕਿਣਕਾ ਭੀ ਤਿਨ੍ਹਾਂ ਨੂੰ ਮਿਲਿਆ, ਜੋ ਗੁਰ ਸਤਿਗੁਰ ਦੇ ਪੰਨੇ ਪਏ, ਜੋ ਸਚਮੁਚ ਗੁਰਦੀਖਿਆ ਲੈ ਕੇ ਗੁਰੂ ਦੇ ਸਿਖ ਬਣੇ। ਪਰ ਸਚੁ ਸੱਚਾ ਸਭਦੂੰ ਵੱਡਾ ਮੇਲਾਰਾ ਅਤੁਟ ਭਗਤਿ ਭੰਡਾਰਾ ਤਾਂ ਤਿਸ ਮਹਾਂ ਪੁਰਸ਼ ਨੂੰ ਹੀ ਮਿਲਿਆ, ਜਿਸ ਨੂੰ ਹੁਕਮੀ ਦੇ ਹੁਕਮ, ਅਕਾਲ



www.AKJ.Org

ਦੀ ਰਜ਼ਾਇ ਅਨੁਸਾਰ ਸਤਿਗੁਰੂ ਦਾ ਸੱਚਾ ਮਰਤਬਾ ਮਿਲਿਆ, ਜੋ ਧੁਰ ਦਰਗਾਹੋਂ ਸਤਿਗੁਰੂ ਕਰ ਕੇ ਟਿਕਿਆ ਗਿਆ। ਇਸ ਸਚ-ਭੰਡਾਰ-ਦਾਤਿ ਤੋਂ ਸੁੰਞੇ ਵੰਞੇ ਸਤਿਗੁਰੂ ਹੀ ਨਹੀਂ ਕਹਾ ਸਕਦੇ। ਐਵੇਂ ਆਪੇ ਹੀ ਸਤਿਗੁਰੂ ਬਣਿ ਬਣਿ ਬਹਿੰਦੇ ਹਨ ਅਤੇ ਸਚੁ (ਨਾਮੁ) ਦੇ ਭੰਡਾਰੀ ਆਪਣੇ ਆਪ ਨੂੰ ਸਦਾਉਂਦੇ ਹਨ। ਪੱਲੇ ਓਹਨਾਂ ਦੇ ਕੱਖ ਭੀ ਨਹੀਂ ਹੁੰਦਾ, ਨਾਮ ਰੂਪੀ ਸੱਚ ਦਾ ਫੱਕਾ ਹੀ ਨਹੀਂ ਹੁੰਦਾ। ਓਹ ਸਚ ਨਾਮ ਦੀ ਕਮਾਈ ਹੀ ਨਹੀਂ ਕਰ ਸਕਦੇ। ਤਾਂ ਕਰ ਸਕਣ ਜੇ ਓਹਨਾਂ ਦੇ ਪਲੇ ਕੁਛ ਹੋਵੇ। ਨਾਮੁ ਧਿਆਇ ਹੀ ਨਹੀਂ ਸਕਦੇ। ਮਿੱਟੀ ਦੇ ਮਟੂੰਨ ਆਪੋਂ ਬਣੇ ਪੰਚ ਗੁਰੂਆਂ ਦੀ ਇਹ ਪੱਕੀ ਨਿਸ਼ਾਨੀ ਹੁੰਦੀ ਹੈ ਕਿ ਓਹ ਸਚ (ਨਾਮ) ਵਲੋਂ ਊੱਕੇ ਹੀ ਫੱਕੇ ਹੁੰਦੇ ਹਨ। ਐਵੇਂ ਫੋਕਟ ਭੰਡਾਰੀ ਸਦਾਉਂਦੇ ਹਨ।

ਸੋ ਸੱਚੇ ਸਤਿਗੁਰੂ ਦੀ ਪਹਿਲੀ ਨਿਸ਼ਾਨੀ ਤਾਂ ਇਹ ਹੈ ਕਿ ਉਹ ਧੁਰ ਦਰਗਾਹੋਂ ਥਾਪਿਆ ਹੋਇਆ ਹੈ। ਦੂਜੀ ਨਿਸ਼ਾਨੀ ਇਹ ਕਿ ਸੱਚ ਨਾਮ ਭੰਡਾਰ ਦੀ ਸੌਂਪਣਾ ਭੀ ਉਸ ਨੂੰ ਧੁਰ ਦਰਗਾਹੋਂ ਹੀ ਮਿਲੀ ਹੋਈ ਹੁੰਦੀ ਹੈ। ਤੀਜੀ ਨਿਸ਼ਾਨੀ ਇਹ, ਸੱਚ ਨਾਮ ਦਾ ਭੰਡਾਰੀ ਹੁੰਦਾ ਹੋਇਆ ਉਹ ਸਚ ਨਾਮ ਨੂੰ ਖ਼ੁਦ ਭੀ ਧਿਆਉਂਦਾ (ਸਿਮਰਦਾ) ਹੈ—"ਸੋ ਸਤਿਗੁਰੂ ਜਿ ਸਚੁ ਧਿਆਇਦਾ"। ਸਚੁ ਨੂੰ, 'ਸਚੁ ਨਾਮੁ' ਨੂੰ ਧਿਆਉਣਹਾਰਾ ਹੁੰਦਾ ਹੋਇਆ ਹੀ ਸਤਿਗੁਰੂ, ਸੱਚਾ ਸਤਿਗੁਰੂ ਹੋਰਨਾਂ ਨੂੰ ਸਚੁ ਧਿਆਉਣ, ਨਾਮੁ ਧਿਆਉਣ ਦਾ ਉਪਦੇਸ਼ ਦੇ ਸਕਦਾ ਹੈ। ਨਹੀਂ ਤਾਂ "ਅਵਰ ਉਪਦੇਸੈ ਆਪਿ ਨ ਕਰੈ" ਦੀ ਕਰਤੂਤ ਵਾਲਾ ਗੁਰੂ ਮਿੱਟੀ ਦਾ ਮਟੂੰਨ ਘੁੱਗੂ ਦਾ ਘੁੱਗੂ ਹੀ ਸਮਝੋ, ਸੱਚ ਗੁਰੂ ਨਹੀਂ ਬਲਕਿ ਕਚ ਗੁਰੂ ਪਾਖੰਡੀ ਗੁਰੂ ਹੈ। ਉਹ 'ਅਵਰ ਉਪਦੇਸੈ ਆਪਿ ਨ ਕਰੈ' ਦੀ ਕਰਤੂਤ ਵਾਲਾ ਝੂਠਾ ਗੁਰੂ 'ਆਵਤ ਜਾਵਤ ਜਨਮੈ ਮਰੈ' ਦੀ ਦੁਰਗਤੀ ਨੂੰ ਪ੍ਰਾਪਤਿ ਹੁੰਦਾ ਹੈ। ਤਾਂ ਤੇ ਭਗਤਿ ਭੰਡਾਰੇ ਵਾਲਾ, ਨਾਮੁ ਰੂਪੀ ਸਚੁ ਭੰਡਾਰੇ ਵਾਲਾ ਗੁਰੂ ਸੋਈ ਹੋਊ ਜਿਸ ਦੇ ਉਪਰ "ਸੋ ਸਤਿਗੁਰੁ ਜਿ ਸਚੁ ਧਿਆਇਦਾ" ਵਾਲੀ ਪ੍ਰੀਖਿਆ ਘਟੂ, ਜੋ ਇਸ ਕਸਉਟੀ ਉਤੇ ਪੂਰਾ ਉਤਰੂ। 'ਸਚੁ ਧਿਆਇਨਿ' ਉਸ ਦਾ ਪਰਮ ਸੱਚ ਵਿਲਖੱਣਤਾ ਵਾਲਾ ਹੋਊ। ਜਿਸ ਸਚੁ ਵਿਲੱਖਣਤਾ ਦੀ ਧਿਆਉਣੀ ਧਿਆਉਣਾ ਸਤਿਗੁਰੂ ਦੀ ਨਿਜ ਜ਼ਾਤੇ-ਪਾਕ ਪ੍ਰਥਾਇ ਘਟਦਾ ਹੈ, ਉਹ ਸੱਚ ਧਿਆਉਣੀ ਹਰ ਕੋਈ ਥੋੜੇ ਧਿਆਇ ਸਕਦਾ ਹੈ।...

ਆਪੋਂ ਬਣ ਬੈਠੇ ਕਈ ਡਿੰਭੀ ਗੁਰੂ ਆਪਣੇ ਆਪ ਨੂੰ ਗੁਰੂ ਸਿਧ ਕਰਨ ਲਈ ਆਮ ਤੌਰ ਤੇ ਇਹ ਗੁਰਵਾਕ ਪੇਸ਼ ਕਰਿਆ ਕਰਦੇ ਹਨ—"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।"* ਪਰ ਓਹਨਾਂ ਨੂੰ ਇਹ ਪਤਾ ਨਹੀਂ ਕਿ ਜਿਣਤੀ ਜਾਨਣੀ ਸਤਿਗੁਰ ਨੇ ਸਤਿ ਪੁਰਖ ਨੂੰ ਜਾਣਿਆ ਹੈ, ਉਹ ਜਾਨਣੀ ਸਿਖ ਨਹੀਂ ਜਾਣ ਸਕਦਾ। ਸਤਿਗੁਰੂ ਦਾ ਸਤਿ ਪੁਰਖ ਨੂੰ ਜਾਨਣਾ ਪੂਰਨ ਗਿਆਨ ਸਰੂਪ ਵਿਚਿ ਹੁੰਦਾ ਹੈ। ਅਪ੍ਰੱਖਸ਼ ਗਿਆਨ ਕਰਕੇ ਸਤਿ ਪੁਰਖ ਨੂੰ ਸਤਿਗੁਰੂ ਪਰਤੱਖ ਪੇਖਦਾ ਹੈ। ਸਦਾ ਹਾਜ਼ਰਾ ਹਜ਼ੂਰ ਪਰਤੱਖ ਪੇਖਣੀ ਵਿਚਿ ਸਤਿ ਪੁਰਖ ਨੂੰ ਪੇਖਣਾ ਕੇਵਲ ਸਤਿਗੁਰੂ ਦੀ ਉਚ ਜ਼ਾਤ ਪਾਕ ਨੂੰ ਬਣਿ ਆਉਂਦਾ ਹੈ। ਪਰਤੱਖ ਦਰਸ਼ਨ ਅਪ੍ਰੱਖਸ਼ੀ ਸਨਮੁਖ ਦੀਦਾਰਿਆਂ ਦਾ ਪੇਖਣਹਾਰ ਗਿਆਨ ਹੀ ਸਚੁ ਗਿਆਨ, ਤੱਤ ਗਿਆਨ, ਸਭਨਾਂ ਤੇ ਉੱਚਾ ਸੁੱਚਾ ਗਿਆਨ, ਸਭਦੂੰ ਵੱਡਾ ਗਿਆਨ ਹੈ। ਸੋ ਕੇਵਲ ਸਤਿਗੁਰੂ ਦੇ ਵਿਰਸੇ ਵਿਚਿ ਹੀ ਆਇਆ ਹੈ। ਧੁਰੋਂ ਪਠਾਏ ਸਤਿਗੁਰੂ ਦੇ ਵਿਰਸੇ ਵਿਚਿ ਹੀ ਖ਼ਸੂਸੀਅਤ ਨਾਲਿ ਮਖ਼ਸੂਸਿਆ ਗਿਆ ਹੈ। ਧੁਰੋਂ ਪਠਾਏ ਸਤਿਗੁਰੂ ਦੇ ਗਿਆਨ ਮਰਤਬੇ ਨੂੰ ਪੁਜਣ ਦੀ ਡੀਂਗ ਸਤਿਗੁਰੂ ਦਾ ਵਰੋਸਾਇਆ ਸਿਖ ਭੀ ਨਹੀਂ ਮਾਰ ਸਕਦਾ। ਆਪੋਂ ਬਣਿ ਬੈਠੇ ਡਿੰਭੀ ਗੁਰੂਆਂ ਨੇ ਤਾਂ ਇਸ ਗਿਆਨ ਦੀ ਡੀਂਗ ਕੀ ਮਾਰ ਸਕਣੀ ਹੋਈ।

ਸਤਿਗੁਰੂ ਦਾ ਗਿਆਨ ਸਹਜ ਬਿਵਸਥਾ ਵਾਲਾ ਗਿਆਨ ਹੈ। ਧੁਰੋਂ ਬਖ਼ਸ਼ਿਆ ਸਹਜ ਗਿਆਨ ਕੇਵਲ ਧੁਰੋਂ ਪਠਾਏ ਸਤਿਗੁਰੂ ਨੂੰ ਹੀ ਪ੍ਰਾਪਤਿ ਹੈ। ਇਸ ਸਹਜ ਪਦ ਵਾਲੇ ਗਿਆਨ ਦੀ ਜਾਨਣੀ ਸਤਿ ਪੁਰਖ ਨੂੰ ਜਿਸ ਨੇ ਜਾਣਿਆ ਹੈ, ਤਿਸ ਦਾ ਨਾਉਂ ਸਤਿਗੁਰੂ ਹੈ। ਹਾਂ ਜੀ, "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ" ਦੀ ਇਹ ਉਪਰ ਵਿਆਖੀ ਵਿਆਖਿਆ ਹੈ। ਸਿਖ ਦੇ ਘਟ ਅੰਦਰਿ ਜੋਤਿ-ਚਾਨਣੇ ਦੀ ਪਹਿਲੇ ਪਹਿਲ ਇਕ ਕਿਰਣ ਮਾਤ੍ਰ ਹੀ ਪਰਗਾਸਦੀ ਹੈ। ਜੇ ਇਸ ਘਟਿ ਜੋਤਿ-ਕਿਰਣ ਪਰਗਾਸ ਦੇ ਕਿਣਕੇ ਨੂੰ ਹੀ ਕੋਈ ਅਭਾਗਾ ਸਿਖ ਪੂਰਨ ਗਿਆਨ



*ਸੁਖਮਨੀ ਪੰਨਾ ੨੮੬



www.AKJ.Org

ਪਰਕਾਸ਼ ਘੱਟਿ ਉਦੇ ਹੋਇਆ ਸਮਝ ਲਵੇ ਤਾਂ ਉਸ ਦੀ ਇਹ ਨਿਰੀ ਮਤਸਰ ਹੀ ਹੈ, ਅਗਿਆਨ ਮਈ ਮਤਸਰ ਹੈ। ਪਰਮਾਤਮਾ ਜੋਤੀ ਸਰੂਪ ਦੀ ਪੂਰਨ ਜੋਤਿ; ਜਲਵ-ਭਾਨਾਨ ਭਾਨ ਜੋਤਿ ਦੇ ਬੂਕੇ ,ਦਾ ਪੂਰਨ ਸੂਰਜ ਜੋਤਿ ਪ੍ਰਕਾਸ਼ੀ ਗਿਆਨ ਕੇਵਲ ਸਤਿਗੁਰੂ ਦੇ ਘਟ ਅੰਦਰਿ ਹੀ ਉਦੇ ਹੁੰਦਾ ਹੈ। ਪੂਰਨ ਗਿਆਨ ਜਾਨਣੀ ਵਾਲਾ ਸਤਿ ਪੁਰਖ ਨੂੰ ਜਾਨਣਾ ਇਹ ਹੈ, ਜੋ ਕੇਵਲ ਸਤਿਗੁਰੂ ਨੇ ਹੀ ਜਾਣਿਆ ਹੈ। ਏਸੇ ਪ੍ਰਕਾਰ ਸਤਿਗੁਰੂ ਦਾ ਵਰੋਸਾਇਆ ਸਿਖ ਨਾਮ ਨੂੰ ਧਿਆਉਂਦਾ ਹੈ। ਉਸ ਦੇ ਘਟ ਅੰਦਰਿ ਨਾਮ ਦਾ ਰਸ ਭੀ ਲਸਿ ਆਉਂਦਾ ਹੈ। ਇਸ ਅੰਮ੍ਰਿਤ ਰਸ ਦੇ ਘਟ ਅੰਦਰਿ ਲਸਿ ਆਉਣ ਕਰਿ ਗੁਰਸਿਖ ਦਾ ਧਿਆਨ ਨਾਮ ਵਿਚਿ ਹੋਰ ਭੀ ਅਧਿਕ ਜੁੜਦਾ ਹੈ। ਪਰ ਜਿਸ ਬਚਿੱਤ੍ਰਤਾ ਸੇਤੀ ਅਮਿਅ-ਰਸ ਝਰਨਾ ਨਾਮ ਧਿਆਇਦਿਆਂ ਹੋਇਆਂ ਸਤਿਗੁਰੂ ਦੇ ਘਟ ਅੰਦਰਿ ਝਰਦਾ ਹੈ, ਉਹ ਸਿਖ ਦੇ ਘਟ ਅੰਦਰ ਤਾਂ ਨਹੀਂ ਝਰਨ ਲੱਗ ਪੈਂਦਾ।

ਸਤਿਗੁਰੂ ਤਾਂ ਧਿਆਨ-ਰਸ ਅੰਮ੍ਰਿਤ ਸਰੋਵਰੀ ਸਰਸ਼ਾਰ ਚਸ਼ਮਾ ਹੈ। ਸੋ ਜਿਸ ਧਿਆਨ ਧਿਆਉਣੀ ਸਤਿਗੁਰੂ ਦਾ ਸਚ ਨਾਮੁ ਧਿਆਉਣਾ ਹੈ, ਉਸ ਨੂੰ ਸਿਖ ਦਾ ਧਿਆਉਣਾ ਤਾਂ ਨਹੀਂ ਪੁਜ ਸਕਦਾ। ਧਿਆਨ ਧੇਈ ਇਕਮਿੱਤ੍ਰਤਾ ਵਾਲਾ ਧਿਆਉਣਾ ਕੇਵਲ ਸਤਿਗੁਰੂ ਨੂੰ ਹੀ ਸੋਭਦਾ ਹੈ। ਇਸ ਧਿਆਨ ਧੇਈ ਸਮਸਰਤਾ ਵਾਲੇ ਅਰਥਾਂ ਵਿਚ ਇਸ "ਸੋ ਸਤਿਗੁਰੁ ਜਿ ਸਚੁ ਧਿਆਇਦਾ" ਵਾਲੀ ਪੰਗਤੀ ਨੂੰ ਅਰਥਾਉਣਾ ਹੀ ਉਚਿਤ ਹੈ।

ਇਸ ਤੁਕ ਦੀ ਅਗਲੀ ਪੰਗਤੀ ਦੱਸਦੀ ਹੈ ਕਿ "ਸਚੁ ਸਚਾ ਸਤਿਗੁਰੁ ਇਕੋ ॥" ਗੁਰਮਤਿ ਅਨੁਸਾਰ ਗੁਰੂ ਘਰ ਅੰਦਰਿ ਸਚੁ ਪਰਮਾਤਮਾ ਭੀ ਇਕੋ ਹੀ ਹੈ, ਸਚੁ ਨਾਮੁ (ਗੁਰਮਤਿ ਨਾਮ) ਭੀ ਇਕੋ ਹੀ ਹੈ, ਸੱਚਾ ਸਤਿਗੁਰੂ ਭੀ ਇਕੋ ਹੀ ਹੈ। ਇਕੋ ਵਕਤ ਅੰਦਰਿ ਇਕੋ ਸਤਿਗੁਰੂ ਹੀ ਸੱਚੀ ਗੁਰੱਤਤਾ ਦੀ ਸਚੀ ਪਾਤਸ਼ਾਹੀ ਦੇ ਸੱਚੜੇ ਤਖ਼ਤ ਉਤੇ ਬਿਰਾਜਮਾਨ ਹੈ, ਦੂਜਾ ਹੋ ਹੀ ਨਹੀਂ ਸਕਦਾ। ਨਾ ਇਕ ਅਕਾਲ ਪੁਰਖੁ ਦਾ ਕੋਈ ਦੂਜਾ ਸਾਨੀ ਹੈ, ਨਾ ਸਤਿਗੁਰੂ ਦਾ ਕੋਈ ਹੋਰ ਡਿੰਭੀ ਗੁਰੂ ਸ਼ਰੀਕ, ਦੂਜਾ ਸ਼ਰੀਕ ਹੋ ਸਕਦਾ ਹੈ। ਏਸੇ ਪ੍ਰਕਾਰ ਗੁਰਮਤਿ ਨਾਮ ਭੀ ਇਕੋ ਸੱਚ ਹੀ ਹੈ, ਹੋਰ ਸਭ ਕਿਰਤਮ ਨਾਮ ਹਨ, ਮਾਨਵੀ ਕਿਰਤ ਸ੍ਰਿਸ਼ਤੇ ਘੜੇ ਹੋਏ ਨਾਮ ਹਨ। ਸੱਚਾ ਨਾਮੁ, ਸਤਿਨਾਮੁ, ਸਚੁ ਗੁਰਮਤਿ ਨਾਮੁ ਇਕੋ ਹੀ ਹੈ ਦੂਜਾ ਨਹੀਂ।

ਉਪਰਲੇ ਗੁਰਵਾਕ ਦੀ ਤੀਜੀ ਤੁਕ ਅੰਦਰਿ ਸਤਿਗੁਰੂ ਪਦਵੀ ਦੀ ਪਛਾਣ ਦੀ ਹੋਰ ਵਿਲੱਖਣ ਨਿਸ਼ਾਨੀ ਨਿਰੂਪਣ ਹੋਈ ਹੈ—"ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ।" ਪੰਜੇ ਦੂਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਵਸ ਕਰ ਕੇ ਛਿਕੇ ਤੇ ਟੰਗ ਕੇ ਰਖਣਹਾਰਾ ਕੇਵਲ ਸਤਿਗੁਰੂ ਹੀ ਹੈ, ਹੋਰ ਕੋਈ ਨਹੀਂ ਹੋ ਸਕਦਾ। ਸੂਖਸ਼ਮ ਅੰਸ਼ ਤਾਂ ਏਹਨਾਂ ਪੰਜਾਂ ਦੀ ਸਭਨਾਂ ਦੇ ਅੰਦਰਿ ਹੀ ਰਹਿ ਜਾਂਦੀ ਹੈ, ਪਰ ਏਹਨਾਂ ਪੰਜਾਂ ਨੂੰ ਉੱਕਾ ਹੀ ਮਾਰ ਕੇ ਕਾਬੂ ਕਰਿ ਰੱਖਣਾ ਇਹ ਸਤਿਗੁਰੂ ਦਾ ਹੀ ਮਕਦੂਰ ਹੈ। ਵਿਰਲੇ ਤੋਂ ਵਿਰਲੇ ਖ਼ਾਸ ਗੁਰੂ ਨਦਰ ਨਦਰਾਏ ਸਿਖ ਦੀ ਇਸ ਪਦ ਪਹੁੰਚ ਹੋਵੇ ਤਾਂ ਹੋਵੇ, ਹਰ ਸਿੱਖ ਦੀ ਪਹੁੰਚ ਨਹੀਂ। ਮੀਣੇ ਤੇ ਝੂਠੇ ਅਲਪਗ ਗੁਰੂਆਂ ਦੀ ਤਾਂ ਏਥੇ ਦਾਲ ਨਹੀਂ ਗਲ ਸਕਦੀ। ਓਹਨਾਂ ਨੂੰ ਤਾਂ ਏਸੇ ਝੂਠੇ ਹੰਕਾਰ ਨੇ ਹੀ ਖਾ ਛੱਡਿਆ ਹੈ ਕਿ 'ਮੈਂ ਗੁਰੂ ਹਾਂ।' ਜਿਸ ਨੂੰ ਗੁਰੂ ਹੋਣ ਦੀ ਅਣਹੋਈ ਹੰਗਤਾ ਹੈ, ਉਸ ਦੀ ਪੰਜੇ ਦੂਤ ਵਸਗਤਿ ਕਰਨ ਦੀ ਕੀ ਪ੍ਰੱਖੋਂ ਹੋ ਸਕਦੀ ਹੈ?

ਜੇਹੜੇ ਨਿਗੁਰੇ, ਨਿਗੋਸਾਏ, ਸਤਿਗੁਰੂ ਦੇ ਸ਼ਰੀਕ ਬਣਿ ਬਹਿਣ ਵਾਲੇ ਅਲਪਗ ਪੁਰਸ਼, ਸਤਿਗੁਰੂ ਦੇ ਸੱਚੇ ਸਿਖ ਸੇਵਕ ਬਣੇ ਬਿਨਾ ਹੀ ਆਪਣਾ ਆਪ ਜਣਾਉਂਦੇ ਫਿਰਦੇ ਹਨ, ਆਪਣੇ ਆਪ ਨੂੰ ਭੀ ਕੁਛ ਗਿਣਦੇ ਹਨ, ਤਿਨ੍ਹਾਂ ਦੇ ਅੰਦਰਿ ਨਿਰਾ ਕੂੜ ਹੀ ਵਸਿਆ ਹੋਇਆ ਹੁੰਦਾ ਹੈ। ਉਥੇ ਸਚ ਦਾ ਨਮੂਦ ਨਹੀਂ ਹੁੰਦਾ, ਸਚੁ ਨਾਮੁ ਤਾਂ ਕੀ ਹੋਣਾ ਸੀ। ਓਹਨਾਂ ਦੇ ਮੂੰਹ (ਚੇਹਰੇ) ਤੇ ਫਿਟਕਾਰ (ਗੁਰੂ ਕੀ ਮਾਰ) ਛਾਈ ਹੋਈ ਹੁੰਦੀ ਹੈ ਅਤੇ ਨਿਰਾ ਫਿਕਾ-ਪਣ ਹੀ ਛਾਇਆ ਹੋਇਆ ਹੁੰਦਾ ਹੈ। "ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ।" ਓਹ ਸਤਿਗੁਰੂ ਦੇ ਧੱਕੇ ਹੋਏ, ਗੁਰੂ ਘਰ ਤੋਂ ਬਾਈਕਾਟ ਕੀਤੇ ਹੋਏ ਕਾਲੇ ਮੂੰਹ ਵਾਲੇ ਕਿਸੇ ਨੂੰ ਬੋਲੇ ਵੀ ਨਹੀਂ ਭਾਉਂਦੇ—"ਓਇ ਬੋਲੈ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ।" ਗੁਰਮਤਿ ਸਚ ਤੋਂ ਘੁੱਥੇ ਹੋਏ ਗੁਰ-ਆਕੀਆਂ ਦੇ ਬੂਥੇ ਸਚਮੁੱਚ ਇਹੋ ਜਿਹੇ ਹੀ ਹੁੰਦੇ ਹਨ। ('ਗੁਰਮਤਿ ਸੱਚ ਨਿਰਣੈ' ਪੁਸਤਕ ਵਿਚੋਂ)



www.AKJ.Org

# ਬਬੇ ਨਾਨਕੀ ਤੇ ਮਾਤ ਸੁਲੱਖਣੀ

(ਭਾਈ ਨਰੈਣ ਸਿੰਘ ਜੀ ਐਮ,ਏ. ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ)

ਵਰ੍ਹੇ ਬਤ ਗਏ ਮਾਤ ਸੁਲੱਖਣੀ ਨੂੰ ਆਪਣੇ ਸਿਰ ਦੇ ਸਾਈਂ ਦੀ ਉਡੀਕ ਕਰਦਿਆਂ। ਕਈ ਵਾਰ ਬਿਹਬਲ ਹਈ ਡੂੰਘੇ ਵਹਿਣਾਂ ਅਦਰ ਵਹਿ ਜਾਂਦੀ ਕਿ ਓਹ ਕਹਿੰਦੇ ਗਏ ਸਨ, 'ਨਾ ਕੋਈ ਹਿੰਦੂ ਨਾ ਮੁਸਲਮਾਨ'– ਹਿੰਦੂ ਉਨ੍ਹਾਂ ਤੋਂ ਔਖੇ ਸਨ ਕਿ ਉਹ ਇਕ ਉਚੀ ਕੁਲ ਹਿੰਦੂ ਜਾਤੀ ਦੇ ਜੰਮ-ਪਲ ਹੁੰਦੇ ਹੋਇ ਹਿੰਦੂ ਕਹੇ ਜਾਣ ਤੋਂ ਇਨਕਾਰੀ ਸਨ, ਨ ਉਨ੍ਹਾਂ ਹਿੰਦੂਆਂ ਵਾਲਾ ਜਨੇਊ ਪਹਿਨਿਆ, ਨ ਸਿਰ ਤੇ ਚੋਟੀ, ਨ ਮੱਥੇ ਤੇ ਤਿਲਕ। ਮੁਸਲਮਾਨ ਉਨ੍ਹਾਂ ਨਾਲ ਨਾਰਾਜ਼ ਸਨ ਕਿ ਉਨ੍ਹਾਂ ਦੇ ਮੁਸਲਮਾਨ ਹੋਣ ਪਰ ਉਨ੍ਹਾਂ ਨੇ ਕਿੰਤੂ ਕੀਤਾ ਸੀ। ਫਿਰ ਉਹ ਆਪਣੇ ਜਿਹੀ ਵਡੇਰੀ ਕੁਲ ਦੇ ਬੰਦੇ ਛੱਡ-ਛਡਾ ਕੇ ਇਕ ਡੂਮ-ਮਿਰਾਸੀ ਨੂੰ ਨਾਲ ਲੈ ਤੁਰੇ, ਜਿਸ ਦਾ ਨਾ ਅੱਗਾ ਨਾ ਪਿੱਛਾ। ਨਾ ਉਨ੍ਹਾਂ ਪਾਸ ਕੋਈ ਪਦਾਰਥ, ਜਿਸ ਉਪਰ ਉਨ੍ਹਾਂ ਦਾ ਨਿਰਬਾਹ ਤੁਰ ਸਕਦਾ। ਕੱਲ-ਮੁਕੱਲੇ ਮਲੰਗ ਫਕੀਰ ਅਤੇ ਉਨ੍ਹਾਂ ਵਰਗਾ ਹੀ ਮਸਤਾਨਾ ਤੇ ਬੇਤਾਲਾ ਮਰਦਾਨਾ-ਕੀ ਕਰਦੇ ਹੋਣਗੇ ਬਦੇਸ਼ਾਂ ਅੰਦਰ, ਜਿੱਥੇ ਉਨ੍ਹਾਂ ਦਾ ਜਾਣੂ ਪਛਾਣੂ ਭੀ ਕੋਈ ਨਹੀਂ ?

ਇਉਂ ਢਹਿੰਦੀ ਦਸ਼ਾ ਦੇ ਵੈਰਾਗ ਅੰਦਰ ਮਾਤਾ ਰੁੜ੍ਹ ਰਹੀ ਸੀ ਕਿ ਬਾਹਰ ਤੋਂ ਖੇਡਦੇ ਹੋਇ ਉਸ ਦੇ ਦੋਵੇਂ ਲਾਲ ਸਿਰੀ ਚੰਦ ਤੇ ਲਖਮੀ ਦਾਸ ਕੁਝ ਹੋਰ ਸਾਥੀਆਂ ਸਮੇਤ ਆ ਪਹੁੰਚੇ ਤੇ ਘਰ ਦੇ ਵਿਹੜੇ ਵਿਚ ਖੇਡਣ ਲੱਗ ਗਏ। ਮਾਤਾ ਦੀ ਸੋਚ ਦਾ ਰੁਖ਼ ਵੀ ਬਦਲਿਆ ਕਿ ਇਨ੍ਹਾਂ ਨੇ ਬਾਪ ਦਾ ਕੀ ਡਿੱਠਾ! ਹਾਲਾਂ ਇਹ ਹੋਸ਼ ਨਹੀਂ ਸੰਭਲੇ ਸਨ ਕਿ ਓਹ ਘਰੋਂ ਤੁਰ ਗਏ। ਇਹ ਮੈਨੂੰ ਪੁਛਦੇ ਹਨ 'ਅੰਮੀਏ! ਸਾਡਾ ਪਿਤਾ ਕਿੱਥੇ ਵੇ ? ਤੂੰ ਰੋਜ਼ ਕਹਿੰਦੀ ਓਹ ਆਉਣਗੇ, ਤੁਹਾਡੇ ਲਈ ਚੰਗੀਆਂ ਚੀਜ਼ਾਂ ਲਿਆਉਣਗੇ, ਅਸਾਂ ਨੂੰ ਨਿਤ ਉਡੀਕ ਲਗੀ ਰਹਿੰਦੀ, ਪਰ ਅੱਜ ਤਕ ਨ ਓਹ ਆਏ ਤੇ ਨ ਸਾਡੇ ਲਈ ਕੁਝ ਲਿਆਏ। ਸਾਡੇ ਹਾਣੀ ਮੌਜਾਂ ਮਾਣਦੇ ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਦੀਆਂ, ਜੋ ਉਨ੍ਹਾਂ ਦੇ ਬਾਪ ਉਨ੍ਹਾਂ ਨੂੰ ਲਿਆ ਦੇਂਦੇ; ਪਰ ਸਾਡਾ ਪਿਤਾ ਇਕ ਵਾਰੀ ਵੀ ਸਾਨੂੰ ਉਂਗਲ ਲਾ ਬਾਹਰ ਨਹੀਂ ਲੈ ਗਿਆ, ਨ ਕਦੀ ਸਾਡੇ ਨਾਲ ਪਿਆਰ ਕੀਤਾ।''

ਬੱਚਿਆਂ ਦੀਆਂ ਭੋਲੇ-ਪਣ ਵਿਚ ਕੀਤੀਆਂ ਤੋਤਲੀਆਂ ਗੱਲਾਂ ਕਈ ਵਾਰੀ ਮਾਤਾ ਦੇ ਦਿਲ ਤੇ ਡੂੰਘਾ ਅਸਰ ਕਰਦੀਆਂ ਅਤੇ ਮਾਤਾ ਦੀਆਂ ਅੱਖੀਆਂ ਵਿਚੋਂ ਛਮ ਛਮ ਨੀਰ ਵਹਿ ਤੁਰਦਾ। ਪਰ ਜਗਤ-ਬੇਬੇ ਨਾਨਕੀ ਆਪਣੀ ਛੋਟੀ ਭਰਜਾਈ ਦੀ ਵੈਰਾਗਮਈ ਦਸ਼ਾ ਵਿਚ ਉਸ ਪਾਸ ਆ ਬੈਠਦੀ, ਉਸ ਦਾ ਹਰ ਤਰ੍ਹਾਂ ਦਿਲ ਬੰਨ੍ਹਾਉਂਦੀ ਅਤੇ ਆਪਣੇ ਵੀਰ ਦੀ ਉਚੇਰੀ ਅਵਸਥਾ ਦੀ ਸੂਝ ਭਰਜਾਈ ਨੂੰ ਇਉਂ ਦੇਂਦੀ–

ਚੋਣੀਏ (ਮਾਤ ਸੁਲੱਖਣੀ ਦੇ ਪੇਕੇ ਚੋਣੇ ਖਤਰੀ ਸਨ)! ਤੇਰਾ ਸ਼ਹੁ, ਤੇ ਮੇਰਾ ਵੀਰ ਨਾਨਕ, ਕੋਈ ਸਾਧਾਰਨ ਮਨੁੱਖ ਨਹੀਂ। ਉਹ ਠੀਕ ਤੇਰੇ ਸਿਰ ਦਾ ਸਾਈਂ, ਪਰ ਉਸ ਭਾਰ ਲਿਆ ਸਾਰੇ ਸੰਸਾਰ ਦਾ ਆਪਣੇ ਸਿਰ। ਉਸ ਨੂੰ ਦਿਸਦਾ ਏ ਸੰਸਾਰ ਦੁਖਾਂ ਦੇ ਮੂੰਹ ਆਇਆ, ਗ੍ਰਸਿਆ ਹਉਮੈ ਰੋਗ ਦਾ। ਹਰ ਕੋਈ ਆਪਣੇ ਆਪ ਨੂੰ ਸਮਝੇ ਵੱਡਾ ਦੂਜੇ ਤੋਂ। ਹਿੰਦੂ ਕਹਿੰਦੇ ਮਲੇਛ ਮੁਸਲਮਾਨਾਂ ਨੂੰ, ਅਤੇ ਮੁਸਲਮਾਨ ਸਮਝਦੇ ਕਾਫ਼ਰ ਹਿੰਦੂਆਂ ਨੂੰ। ਹਿੰਦੂਆਂ ਵਿਚ ਈ ਵੇਖ ਕਿੰਨੇ ਪਾੜੇ ਪਏ ਨੇ, ਬ੍ਰਾਹਮਣ ਸਮਝਦਾ ਏ ਮੈਂ ਹੀ ਸਾਰਿਆਂ ਤੋਂ ਵੱਡਾ, ਹੋਰ ਜਾਤੀਆਂ ਦੇ ਲੋਕ ਮੇਰੀ ਸੇਵਾ ਲਈ ਹੀ ਪੈਦਾ ਕੀਤੇ ਗਏ ਨੇ। ਮੇਰਾ ਵੀਰ ਨਾਨਕ ਕਹਿੰਦਾ ਏ ਸਾਰੇ ਮਨੁੱਖ ਸਮਾਨ ਹਨ, ਵਡਾਈ ਛੁਟਾਈ ਅਮਲਾਂ ਕਰਕੇ ਹੈ, ਜਨਮ ਜਾਤ ਕਰ ਕੇ ਨਹੀਂ। ਇਹੋ ਗੱਲ ਨਿਸਚੇ ਕਰਾਣ ਲਈ ਮੇਰੇ ਵੀਰ ਨੇ ਨੀਚ ਜਾਤ ਮੁਸਲਮਾਨ ਮਿਰਾਸੀ ਨੂੰ ਆਪਣਾ ਸਾਥੀ ਬਣਾਇਆ ਏ, ਹਰ ਥਾਂ ਨਾਲ ਲੈ ਜਾਂਦੇ ਨੇ। ਖ਼ਾਂਦਾ ਪੀਂਦਾ ਭੀ ਉਸ ਦੇ ਹੱਥੋਂ ਹੀ ਹੋਵੇਗਾ। ਉਹ ਲੋਕਾਂ ਨੂੰ ਇਹ ਨਿਸਚਾ ਕਰਾ ਰਿਹਾ ਹੈ ਕਿ ਸਾਰੇ ਮਨੁੱਖ ਇਕ-ਸਾਰ ਤੇ ਇਕੋ ਜਿਹੇ ਹਨ; ਸਗੋਂ ਕਹੇ ਜਾਂਦੇ ਨੀਚ ਜਾਤੀਆਂ ਦੇ ਲੋਕ ਹੋਰਨਾਂ ਕੋਲੋਂ ਇਸ ਲਈ ਚੰਗੇ ਨੇ ਕਿ ਉਹ ਦੂਜਿਆਂ ਦੀ ਸੇਵਾ ਕਰਦੇ ਨੇ। ਮੇਰਾ ਵੀਰ ਤਾਂ ਕਹਿੰਦਾ ਏ :



www.AKJ.Org

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥*

ਸੋ, ਚੋਣੀਏ ! ਮੇਰਾ ਵੀਰ ਲੋਕਾਂ ਨੂੰ ਇਹ ਗੱਲ ਸਮਝਾਉਣ ਲਈ ਥਾਉਂ ਥਾਈਂ ਘੁੰਮ ਰਿਹਾ ਏ ।

ਫਿਰ ਲੋਕ ਮਾਲ ਧਨ ਦੀ ਫੋਕੀ ਵਡਿਆਈ ਦੇ ਨਸ਼ੇ ਵਿਚ ਨਿਰੰਕਾਰ ਨੂੰ ਭੁੱਲ ਬੈਠੇ ਨੇ ਅਤੇ ਉਸ ਵਲੋਂ ਭੁੱਲੇ ਹੋਇ ਦੁਖਾਂ ਦੇ ਮੂੰਹ ਆਏ ਹੋਏ ਨੇ । ਮੇਰੇ ਵੀਰਨ ਨੇ, ਧੰਨ ਨਿਰੰਕਾਰ, ਜਿਸ ਦਾ ਨਾਂ ਲਿਆਂ ਤੇ ਜਿਸਦੇ ਨਾਲ ਪਿਆਰ ਕੀਤਿਆਂ ਤਨ ਮਨ ਦੇ ਸਾਰੇ ਦੁਖ ਦੂਰ ਹੁੰਦੇ ਨੇ, ਐਸੇ ਨਿਰੰਕਾਰ ਦੀ ਸੋਝੀ ਲੋਕਾਂ ਨੂੰ ਦੇਣ ਹਿਤ ਲੱਕ ਬੰਨ੍ਹਿਆ ਏ । ਤੂੰ ਇਹ ਨਾ ਸਮਝ ਕਿ ਉਸ ਦੇ ਹਿਰਦੇ ਤੇਰੇ ਨਿਆਣੇ ਬੱਚਿਆਂ ਦਾ ਪਿਆਰ ਨਹੀਂ, ਪਰ ਜਦੋਂ ਨਿਰੰਕਾਰ ਦੇ ਅਨਗਿਣਤ ਬੱਚੇ ਨਿਰੰਕਾਰ ਨੂੰ ਭੁਲ ਕੇ ਵਿਲਕ ਰਹੇ ਦਿਸਦੇ ਹੋਣ ਤਾਂ ਮੇਰਾ ਵੀਰ ਇਨ੍ਹਾਂ ਦੋ ਬੱਚਿਆਂ ਦੇ ਪਿਆਰ ਪਿੱਛੇ ਉਨ੍ਹਾਂ ਸਾਰਿਆਂ ਵੱਲ ਕਿਵੇਂ ਕੰਡ ਕਰ ਸਕਦਾ ਏ ?

ਇਉਂ ਆਪਣੇ ਵੀਰ ਨਾਨਕ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਕਰਿ, ਬੇਬੇ ਕਈ ਵਾਰ ਛੋਟੀ ਭਰਜਾਈ ਦੇ ਦਿਲ ਧਰਵਾਸ ਬੰਨ੍ਹਾਉਂਦੀ । ਪਿਆਰ ਦਾ ਇਹ ਨੇਮ ਹੈ ਕਿ ਜਿਉਂ ਜਿਉਂ ਪਿਆਰੇ ਨੂੰ ਯਾਦ ਕਰੋ, ਉਹ ਵਧੇਰੇ ਪਿਆਰਾ ਲੱਗਦਾ ਏ ਅਤੇ ਉਸ ਦੀ ਜੁਦਾਈ ਸਹਾਰੀ ਨਹੀਂ ਜਾਂਦੀ, ਨ ਮਨ ਧੀਰਜ ਫੜਦਾ ਏ ।

ਭਾਵੇਂ ਵੀਰ ਨਾਨਕ ਦੀ ਯਾਦ ਵਿਚ ਬਬ ਨਾਨਕੀ ਵੀ ਕਈ ਵਾਰ ਉਡੀਣੀ ਹੋ ਜਾਂਦੀ, ਇਸ ਲਈ ਨਹੀਂ ਕਿ ਉਹ ਉਸ ਦਾ ਛੋਟਾ ਵੀਰ ਸੀ, ਬਲਕਿ ਇਸ ਲਈ ਕਿ ਬੇਬ ਨੂੰ ਵੀਰ ਦੇ ਦੀਦਾਰ ਵਿਚ ਪਰਮ ਜੋਤਿ ਦੀ ਹਜ਼ੂਰੀ ਝਲਕ ਪੈਂਦੀ ਸੀ, ਜਿਸ ਤੋਂ ਬਹੁਤਾ ਕਾਲ ਵਾਂਞਿਆਂ ਰਹਿਣਾ ਓਹ ਸਹਿ ਨ ਸਕਦੀ ਅਤੇ ਉਸ ਦੀ ਰਸਨਾ ਅਪ-ਮੁਹਾਰੇ ਗਾ ਉਠਦੀ :

ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ਸਤਿਗੁਰਿ ਬੂਝ ਬੁਝਾਈ ॥ (ਬਿਲਾਵਲੁ ਮ: ੧–੭੯੬)

ਭਾਵੇਂ ਬੇਬੇ ਤੇ ਉਸ ਦੀ ਭਰਜਾਈ ਦੀ (ਗੁਰੂ) ਨਾਨਕ ਲਈ ਤਾਂਘ ਤੇ ਤੜਪ ਇਕ-ਸਮਾਨ ਸੀ, ਪਰ ਦੋਹਾਂ ਦਾ ਨਜ਼ਰੀਆ ਆਪੋ ਆਪਣਾ ਸੀ । ਮਾਤਾ ਸੁਲੱਖਣੀ ਲਈ (ਗੁਰੂ) ਨਾਨਕ ਉਸ ਦੇ ਸਿਰ ਦਾ ਸਾਈਂ, ਉਸ ਦੀ ਦੀਨ ਦੁਨੀਆ ਦਾ ਇਕੋ ਇਕ ਸਹਾਰਾ ਅਤੇ ਉਸ ਦੇ ਮਾਸੂਮ ਬੱਚਿਆਂ ਦਾ ਰਾਜ਼ਕ ਪਾਲਕ ਸੀ । ਪਰ ਬੇਬੇ ਨਾਨਕੀ ਲਈ ਓਹ ਨਾਰਾਇਣ ਦਾ ਪਰਤੱਖ ਸਰੂਪ ਸੀ । ਅਤੇ ਉਸ ਨੂੰ ਸੱਚ ਮੁੱਚ ਹੀ ਇਹ ਨਿਸਚੇ ਹੋ ਚੁਕਾ ਸੀ ਕਿ ਉਸ ਦੇ ਵੀਰ ਨੂੰ ਮਨੁੱਖ ਮਾਤਰ ਦੇ ਉਧਾਰ ਹਿਤ ਸੰਸਾਰ ਤੇ ਭੇਜਿਆ ਗਿਆ ਸੀ ।

ਵਿਛੋੜੇ ਦੀਆਂ ਘੜੀਆਂ ਬਹੁਤ ਲੰਮੀਆਂ ਹੋਇਆ ਕਰਦੀਆਂ ਨੇ । ਨਿਨਾਣ ਭਰਜਾਈ (ਗੁਰੂ) ਨਾਨਕ ਦੀ ਉਡੀਕ ਵਿਚ ਕਈ ਵਾਰ ਬਿਹਬਲਤਾ ਦੀ ਦਸ਼ਾ ਅੰਦਰ ਅਤਿ ਵੈਰਾਗਵਾਨ ਹੋ ਜਾਂਦੀਆਂ । ਇਉਂ ਸਮਾਂ ਬੀਤਦਾ ਗਿਆ ।

ਇਕ ਦਿਨ ਜਦੋਂ ਬੇਬੇ ਅੰਦਰ ਰੋਟੀ ਪਕਾ ਰਹੀ ਸੀ ਅਤੇ ਮਾਤਾ ਸੁਲੱਖਣੀ ਅਤੇ ਬਚੇ ਸਿਰੀ ਚੰਦ ਤੇ ਲਖਮੀ ਦਾਸ ਬਾਹਰ ਵੇਹੜੇ ਵਿਚ ਗਲੀਂ ਬਾਤੀਂ ਲੱਗ ਰਹੇ ਸਨ ਤਾਂ ਅਚਨਚੇਤੀ ਬਾਹਰੋਂ ਅਵਾਜ਼ ਸੁਣਾਈ ਦਿੱਤੀ :

'ਸਤਿ ਕਰਤਾਰ, ਬੇਬੇ ਸਤਿ ਕਰਤਾਰ !'

ਮਾਤਾ ਸੁਲੱਖਣੀ ਨੇ ਬਲ ਪਛਾਣਿਆ ਅਤੇ ਖੁਸ਼ੀ ਵਿਚ ਇਉਂ ਬੋਲਦੀ ਦੌੜੀ ਦੌੜੀ ਅੰਦਰ ਗਈ, 'ਬੇਬੇ, ਤੇਰਾ ਵੀਰ ਆਇਆ, ਬੇਬੇ, ਤੇਰਾ ਵੀਰ ਆਇਆ ।' 'ਤੇਰੇ ਮੂੰਹ ਖੰਡ ਚੋਣੀਏ' ਕਹਿੰਦੀ ਵਾਹੋ ਦਾਹੀ ਬੇਬੇ ਉਠ ਨਠੀ ਘਰ ਦੀਆਂ ਬਰੂਹਾਂ ਵੱਲ, ਪਿੱਛੇ ਪਿੱਛੇ ਮਾਤ ਸੁਲੱਖਣੀ, ਸਿਰੀ ਚੰਦ ਤੇ ਲਖਮੀ ਦਾਸ । ਇਹ ਸਾਰੇ ਡਾਢੇ ਪਿਆਰ ਤੇ ਸਤਿਕਾਰ ਨਾਲ (ਗੁਰੂ) ਨਾਨਕ ਨੂੰ ਮਿਲੇ ਅਤੇ ਵੱਡੇ ਚਾਈਂ ਚਾਈਂ ਅੰਦਰ ਲਿਆਂਦਾ–ਮਾਨੋ ਚੰਨ ਚੜ੍ਹ ਪਿਆ ਸੀ । ਬੇਬੇ ਨੇ ਮੰਜਾ ਵਿਛਾ ਕੇ ਵੀਰ ਨੂੰ ਬਿਠਾਇਆ, ਸੁਖ ਸਾਂਦ ਪੁਛੀ ।

*ਸਿਰੀਰਾਗੁ ਮਹਲਾ ੧, ਪੰਨਾ ੧੫



www.AKJ.Org

ਖਾਣੇ ਦਾ ਵਕਤ ਸੀ। ਬੇਬੇ ਨੇ ਪੁੱਛਿਆ, 'ਵੀਰ ਖਾਣਾ ਲਿਆਵਾਂ ?' (ਗੁਰੂ) ਨਾਨਕ ਬੋਲੇ—'ਹਾਂ, ਬੇਬੇ ਛੇਤੀ ਲਿਆ, ਅਸਾਂ ਪਿਛਲੇ ਪੈਰੀਂ ਮੁੜ ਜਾਣਾ, ਸਾਡੀ ਵੱਡੀ ਉਡੀਕ ਹੋਰਥੇ।' ਬੇਬ ਆਖਿਆ, "ਵੀਰ, ਬਾਰ੍ਹੀਂ ਵਰ੍ਹੀਂ ਤੂੰ ਘਰ ਆਇਐਂ, ਤੇ ਤੂੰ ਕਹਿਨੈਂ ਅਸਾਂ ਪਿਛਲੇ ਪੈਰੀਂ ਮੁੜ ਜਾਣਾ, ਇਹ ਗੱਲ ਕਿਵੇਂ ਬਣ ਆਉਂਦੀ ਤੈਨੂੰ ? ਤੇਰੀਆਂ ਲੰਮੀਆਂ ਉਡੀਕਾਂ ਸਾਨੂੰ—ਤੇਰੀ ਮਾਂ ਜਾਈ ਭੈਣ ਨੂੰ, ਤੇਰੀ ਲੜ ਲੱਗੀ ਨੂੰ, ਇਨ੍ਹਾਂ ਤੇਰੇ ਦੋ ਲਾਲਾਂ ਨੂੰ, ਜਿਨ੍ਹਾਂ ਇਕ ਦਿਨ ਵੀ ਪਿਤਾ ਦੇ ਪਿਆਰ ਦਾ ਸੁਖ ਨਹੀਂ ਮਾਣਿਆ। ਫਿਰ ਪਰਸੋਂ ਨੂੰ ਦੀਵਾਲੀ, ਵਰ੍ਹੇ ਦਾ ਦਿਨ, ਇਨ੍ਹਾਂ ਬੱਚਿਆਂ ਨੂੰ ਚਾਅ ਤੇਰੇ ਸੰਗ ਦੀਵਾਲੀ ਮਨਾਉਣ ਦਾ, ਕੇਵਲ ਇਕੋ ਦਿਨ ਵਿਚਾਲੇ, ਜੇ ਤੂੰ ਅਟਕ ਜਾਵੇ ਤਾਂ ਇਨ੍ਹਾਂ ਦਾ ਚਾਅ ਪੂਰਾ ਹੋ ਜਾਵੇ।"

(ਗੁਰੂ) ਨਾਨਕ ਨੇ ਕੁਝ ਇਸ ਤਰ੍ਹਾਂ ਆਖਿਆ, ਬੇਬੇ, ਜੋ ਤੂੰ ਕਹਿੰਦੀ, ਸੱਚ ਏ, ਪਰ ਮੇਰੀ ਵਧੇਰੀ ਉਡੀਕ ਹੋਰ ਥਾਈਂ। ਸਾਰਾ ਸੰਸਾਰ ਭਰਮਾਂ ਵਹਿਮਾਂ ਵਿਚ ਪਿਆ ਦੁਖ ਭੋਗ ਰਿਹਾ ਏ। ਅਸਲੀਅਤ ਤੋਂ ਅਗਿਆਤ, ਕਰਮਾਂ ਕਾਂਡਾਂ ਵਿਚ ਫਸਿਆ। ਇਹ ਮੰਨ ਬੈਠਾ ਏ ਕਿ ਇਹ ਕਰਮ ਪਰਲੋਕ ਅੰਦਰ ਉਸ ਦੀ ਹਾਮੀ ਭਰਨਗੇ। ਜਿਨ੍ਹਾਂ ਕਰਮਾਂ ਦਾ ਏਥੇ ਕੋਈ ਲਾਭ ਨਹੀਂ, ਪਰਲੋਕ ਵਿਚ ਓਹ ਕਿਵੇਂ ਸਹਾਇਤਾ ਕਰਨਗੇ ? ਸਹਾਇਤਾ ਤਾਂ ਕੇਵਲ ਨਾਮ ਪ੍ਰਾਇਣ ਹੋਈ ਸੁਰਤ ਨੇ ਕਰਨੀ ਏ। ਸਰੀਰਕ ਕਰਮ ਤਾਂ ਵੇਹਲੇ ਧੰਧੇ ਨੇ, ਜਿਨ੍ਹਾਂ ਪਿੱਛੇ ਲੋਕ ਖੀਨ-ਖਰਾਬ ਹੋ ਰਹੇ ਨੇ। ਘਰ ਘਰ ਦੁਖਾਂ ਦੇ ਭਾਂਬੜ ਪਏ ਮਚਦੇ ਨੇ। ਮੈਨੂੰ ਮੇਰੇ ਕਰਤਾਰ ਨੇ ਭੇਜਿਆ ਇਹ ਭਾਂਬੜ ਬੁਝਾਉਣ ਲਈ, ਵਰਸਾ ਕੇ ਸੀਤਲ ਫੁਹਾਰ ਨਾਮ ਦੀ। ਹੁਣ ਤੂੰ ਈ ਦਸ ਕਿ ਮੇਰਾ ਕਿਵੇਂ ਬਣਦਾ ਇਨ੍ਹਾਂ ਦੋ ਬੱਚਿਆਂ ਦੇ ਚਾਅ ਮਲ੍ਹਾਰ ਵੇਖਣਾ, ਜਦੋਂ ਕਿ ਸੜ ਰਹੇ ਮਹਿਲ ਮਾੜੀਆਂ ਅਤੇ ਲੁਛ ਰਹੇ ਜੀਅ ਜੰਤ ਸਾਰੇ ਸੰਸਾਰ ਦੇ ?

ਬੇਬੇ ਨੇ ਸੁਣੀ ਸੀ ਸਾਰੀ ਗੱਲ ਨਾਨਕ ਵੀਰ ਦੀ ਅਤੇ ਭਰੀਆਂ ਹੋਈਆਂ ਅੱਖਾਂ ਨਾਲ ਆਖਿਆ, "ਵੀਰਨ, ਤੇਰੀਆਂ ਤੂੰ ਜਾਣ, ਅਸੀਂ ਕੀ ਸਮਝੀਏ ਤੇਰੀਆਂ ਰਮਜ਼ਾਂ ਨੂੰ ?"

ਮਾਤ ਸੁਲੱਖਣੀ ਨੇ ਭੀ ਅਪਣੇ ਪ੍ਰਾਣਾਂ ਤੋਂ ਪਿਆਰੇ ਪਤੀ ਦੀ ਸਾਰੀ ਗੱਲ ਸੁਣੀ ਸੀ, ਉਹ ਚੁਪ ਚਾਪ ਬੈਠੀ ਸੀ ਕਿ ਹੁਣ ਬੇਬੇ ਨੇ ਭਰਜਾਈ ਨੂੰ ਕਹਿਣਾ ਸ਼ੁਰੂ ਕੀਤਾ, "ਚੋਣੀਏ, ਮੇਰਾ ਵੀਰਨ, ਤੇਰੇ ਸਿਰ ਦਾ ਸਾਈਂ ਠੀਕ, ਪਰ ਉਸ ਦੇ ਸਿਰ ਭਾਰ ਸਾਰੇ ਸੰਸਾਰ ਦਾ। ਤੂੰ ਹਰਨ ਦੇਹ ਉਸ ਨੂੰ ਇਹ ਭਾਰ ਅਤੇ ਨਾ ਕਰ ਹਿਰਖ ਇਨ੍ਹਾਂ ਦੋ ਲਾਲਾਂ ਦਾ ਤੇਰੇ ਲਾਲਾਂ ਨੂੰ ਰਖਸੀ ਨਾਨਕ ਦਾ ਕਰਤਾਰ, ਜਿਸ ਨੂੰ ਆਪਣੇ ਪੁੱਤਾਂ ਤੋਂ ਪਿਆਰੇ ਪੁੱਤਰ ਸੰਸਾਰ ਦੇ।"

---

## ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ

[ਗਿਆਨੀ ਜੰਗ ਸਿੰਘ ਜੀ, ਫਰੀਮੌਂਟ, ਅਮਰੀਕਾ]

ਮਿਹਰਵਾਨ ਮਿਹਰਾਂ ਦਾ ਦਾਤਾ, ਜਦ ਮਿਹਰਾਂ ਦੇ ਘਰ ਆਇਆ,
ਵੇਈਂ ਨਦੀ ਚੋਂ ਨਾਨਕ ਨੂੰ, ਉਸ ਆਪਣੇ ਪਾਸ ਬੁਲਾਇਆ।
ਪ੍ਰੇਮ ਭਗਤਿ ਦੇ ਭਰੇ ਭੰਡਾਰੇ, ਗੁਰੂ ਨਾਨਕ ਨੂੰ ਸੌਂਪੇ,
ਅਪਣੀ ਗੋਦ ਬੈਠਾ ਕੇ ਅਪਣੇ ਬਾਲਕ ਨੂੰ ਸਮਝਾਇਆ।
ਨਉ ਨਿਧਿ ਨਾਮ-ਗਰੀਬੀ ਤੈਨੂੰ, ਜਗਤ-ਭਲੇ ਲਈ ਦਿੱਤੀ,
ਇਸਨੂੰ ਵੰਡ ਜਗਤ ਵਿਚ ਜਾ ਕੇ, ਸੱਚਾ ਹੁਕਮ ਸੁਣਾਇਆ।
ਹੁਕਮ ਰਜ਼ਾ ਵਿਚ ਰਹਿਣਾ, ਆਪਣੇ ਸਿਖਾਂ ਨੂੰ ਸਮਝਾਈਂ,
ਪਰ ਕਾ ਬੁਰਾ ਕਦੇ ਨ ਚਿਤਵਨ, ਪ੍ਰੇਮ ਦਾ ਰਾਹ ਵਿਖਾਇਆ।
ਵੈਰ ਵਿਰੋਧ ਦੀ ਅੱਗ ਵਿਚ ਸੜਦਾ ਜਗਤ ਗੁਰੂ ਨੇ ਡਿੱਠਾ,
ਨਾਮ ਦੇ ਛੱਟੇ ਦੇ ਗੁਰਾਂ ਨੇ, ਮਿਹਰ ਦਾ ਮੀਂਹ ਵਸਾਇਆ।
ਜਿਨ੍ਹਾਂ ਦੇ ਪ੍ਰੇਮ ਮਨਾਂ ਵਿਚ ਵਸਿਆ, ਉਨ੍ਹਾਂ ਨੇ ਨਾਮ ਧਿਆਇਆ।
ਉਨ੍ਹਾਂ ਦਾ ਆਉਣਾ ਸਫਲਾ ਹੋਇਆ, ਉਨ੍ਹਾਂ ਨੇ ਜਗਤ ਤਰਾਇਆ।



www.AKJ.Org

# ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ

(ਪ੍ਰਿੰਸੀਪਲ ਕਲਦੀਪ ਸਿੰਘ ਹਉਰਾ, 162-ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ)

ਗੁਰੂ ਨਾਨਕ ਸਾਹਿਬ ਗ੍ਰਹਿਸਤੀ-ਜੋਗੀ ਸਨ। ਉਹ ਸੰਸਾਰ ਵਿਚ ਰਹਿੰਦਿਆਂ ਹੋਇਆ ਵੀ ਸੰਸਾਰਕ ਧੰਦਿਆਂ ਵਿਚ ਖਚਤ ਨਹੀਂ ਹੋਏ, ਪਰ ਉਨਾਂ ਸੰਸਾਰ ਦਾ ਬਿਲਕੁਲ ਤਿਆਗ ਵੀ ਨਹੀਂ ਕੀਤਾ। ਉਨ੍ਹਾਂ ਦਾ ਪਰਵਾਰ ਸੀ ਤੇ ਉਹ ਆਪਣੇ ਪਰਵਾਰ ਨੂੰ ਪਿਆਰ ਕਰਦੇ ਸਨ। ਉਦਾਸੀਆਂ ਤੇ ਜਾਣ ਤੋਂ ਪਹਿਲਾਂ ਤੇ ਵਾਪਸ ਆ ਕੇ, ਉਨ੍ਹਾਂ ਦਾ ਪਰਵਾਰ ਉਨ੍ਹਾਂ ਦੇ ਨਾਲ ਰਿਹਾ, ਪਰ ਉਹ ਨਿਰੇ-ਪੁਰੇ ਪਰਵਾਰ ਦੇ ਝਬੇਲਿਆਂ ਵਿਚ ਫਸ ਕੇ ਵੀ ਨਹੀਂ ਰਹਿ ਗਏ ਸਨ।

ਉਹ ਸਰਬ-ਕਲਾ ਗਿਆਤਾ ਸਨ। ਉਹ ਮਹਾਨ ਚਿੰਤਕ ਸਨ। ਉਨ੍ਹਾਂ ਨੂੰ ਸਮਕਾਲੀ ਸਮਾਜਕ ਅਧੋਗਤੀ ਦੇ ਕਾਰਨਾਂ ਤੇ ਸਮਾਜਕ ਕੁਰੀਤੀਆਂ, ਰਾਜਨੀਤਕ ਤੇ ਆਰਥਿਕ ਅਸੰਤੁਲਨ ਅਤੇ ਅਧਿਆਤਮਕ ਅਗਿਆਨਤਾ ਬਾਰੇ ਪੂਰਾ ਪੂਰਾ ਗਿਆਨ ਸੀ। ਉਨ੍ਹਾਂ ਨੇ ਸਮਾਜ ਦਾ ਸਰਬ-ਪੱਖੀ ਸੁਧਾਰ ਕਰਨ ਦਾ ਬੀੜਾ ਚੁਕਿਆ, ਕਿਉਂਕਿ ਕੇਵਲ ਕਿਸੇ ਇਕ ਅੰਗ ਦਾ ਸੁਧਾਰ ਬਹੁਤਾ ਸਾਰਥਕ ਤੇ ਲਾਭਕਾਰੀ ਨਹੀਂ ਹੋ ਸਕਦਾ।

ਅਧਿਆਤਮਕ ਅਗਿਆਨਤਾ ਦੂਰ ਕਰਨ ਲਈ ਉਨ੍ਹਾਂ ਨਾਮ ਜਪਣਾ ਤੇ ਸ਼ੁਭ ਕਰਮ ਕਰਨ ਤੇ ਜ਼ੋਰ ਦਿੱਤਾ। ਸਮਾਜਕ ਨਾ-ਬਰਾਬਰੀ ਦੂਰ ਕਰਨ ਵਾਸਤੇ ਗੁਰੂ ਸਾਹਿਬ ਨੇ ਜਾਤ, ਧਰਮ ਤੇ ਜਨਮ ਆਦਿ ਦੇ ਨਾਂ ਤੇ ਹੋ ਰਹੀ ਅਸਮਾਨਤਾ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਵਿਹਲੜਾਂ ਨੂੰ ਸਮਾਜ ਉਤੇ ਭਾਰੂ ਸਮਝ ਕੇ ਸਭ ਨੂੰ 'ਕਿਰਤ ਕਰਨ' ਉਤੇ ਜ਼ੋਰ ਦਿੱਤਾ। ਰਾਜਨੀਤਕ ਅਨਿਆਂ ਦੂਰ ਕਰਨ ਵਾਸਤੇ ਉਹ ਸਮਝਦੇ ਸਨ ਕਿ ਚੰਗੇ ਤੇ ਸੱਚੇ ਹਾਕਮ ਦਾ ਹੋਣਾ ਜ਼ਰੂਰੀ ਹੈ "ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ" (ਪੰਨਾ ੧੦੮੮)। ਆਰਥਿਕ ਲੁੱਟ-ਖਸੁੱਟ ਵਿਰੁੱਧ ਉਨ੍ਹਾਂ ਭਰਪੂਰ ਅਵਾਜ਼ ਉਠਾਈ ਤੇ ਆਖਿਆ—"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ (ਪੰਨਾ ੧੪੧) "ਵੰਡ ਛਕਣਾ" ਦੇ ਸੁਨਹਿਰੀ ਅਸੂਲ ਤੇ ਅਮਲ ਵਜੋਂ ਉਨ੍ਹਾਂ 'ਸੰਗਤ ਤੇ ਪੰਗਤ" ਦੀ ਪ੍ਰਥਾ ਚਲਾਈ, ਜਿਸ ਨਾਲ ਸਮਾਜਕ ਨਾ-ਬਰਾਬਰੀ ਆਪਣੇ ਆਪ ਖ਼ਤਮ ਹੋ ਜਾਂਦੀ ਹੈ।

ਗੁਰੂ ਸਾਹਿਬ ਨੇ ਹਰ ਪਖੋਂ ਨਰੋਏ ਸਮਾਜ ਦੀ ਉਸਾਰੀ ਕੀਤੀ, ਕਿਉਂਕਿ ਰੋਗੀ ਸਮਾਜ ਤਾਂ ਦੇਸ਼ ਨੂੰ ਲੈ ਡੁੱਬਦਾ ਹੈ। ਦੇਸ਼ ਤੇ ਕੌਮ ਦੀ ਦੁਰਦਸ਼ਾ ਵੇਖ ਕੇ ਉਨ੍ਹਾਂ ਦੇ ਕੋਮਲ ਹਿਰਦੇ ਉਤੇ ਸੱਟ ਵੱਜੀ ਤੇ ਉਨ੍ਹਾਂ ਕਿਹਾ ਕਿ ਇਹਨਾਂ ਲਭੀ ਹਾਕਮਾਂ (ਕੁੱਤਿਆਂ) ਨੇ ਰਤਨਾਂ ਵਰਗੇ ਦੇਸ਼ (ਹਿੰਦੁਸਤਾਨ) ਨੂੰ ਘੱਟੇ-ਕੌਡੀ ਰਲਾ ਦਿੱਤਾ ਹੈ। ਇਨ੍ਹਾਂ ਦੇ ਮਰਨ ਉਤੇ ਕੋਈ ਵੀ ਇਹਨਾਂ ਦੀ ਸਾਰ ਨਹੀਂ ਲਵੇਗਾ, ਵਾਤ ਨਹੀਂ ਪੁਛੇਗਾ। ਆਪ ਦਾ ਕਥਨ ਹੈ :

"ਰਤਨ ਵਿਗਾੜਿ ਵਿਗੋਇ ਕੁਤੀ ਮੁਇਆ ਸਾਰ ਨ ਕਾਈ।੨।੩੯। (ਪੰਨਾ ੩੬੦)

ਇਸੇ ਤਰ੍ਹਾਂ ਬਾਬਰ ਦੇ ਅਤਿਆਚਾਰ ਨੂੰ ਸਹਿਣ ਨਾ ਕਰਦੇ ਹੋਏ ਨਾ-ਕੇਵਲ ਬਾਬਰ ਦੇ ਜ਼ੁਲਮਾਂ ਦੀ ਨਿਖੇਧੀ ਹੀ ਕੀਤੀ ਤੇ "ਬਾਬਰ ਨੂੰ ਜਾਬਰ" ਕਿਹਾ, ਸਗੋਂ ਦੁਖੀ ਜਨਤਾ ਦੇ ਕੀਰਨਿਆਂ ਨੂੰ ਵੀ ਦਰਸਾਂਦਿਆਂ, ਉਨ੍ਹਾਂ ਨਾਲ ਦਰਦ ਵੰਡਾਇਆ—

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥੩੬॥ (ਪੰਨਾ ੩੬੦)

ਗੁਰੂ ਨਾਨਕ ਸਾਹਿਬ ਦੀ ਰਚਨਾ ਤੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਵਾਚਿਆਂ ਇਸ ਤਰ੍ਹਾਂ ਜਾਪਦਾ ਹੈ, ਜਿਵੇਂ ਸਾਰੇ ਸੰਸਾਰ ਦੀ ਗਰੀਬੀ ਤੇ ਨਿਮਰਤਾ ਉਨ੍ਹਾਂ ਦੇ ਹਿੱਸੇ ਹੀ ਆਈ ਹੋਵੇ। ਆਪ ਅਨੁਸਾਰ ਸਭ ਨੇਕੀਆਂ ਦਾ ਨਿਚੋੜ ਮਿਠਾਸ ਤੇ ਨਿਮ੍ਰਤਾ ਹੈ—ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (੪੭੦) ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਆਪ ਨੇ ਅਕਾਲ ਪੁਰਖ ਦੇ ਦਰਬਾਰ ਵਿਚੋਂ —

"ਨਉ ਨਿਧਿ ਨਾਮੁ ਗਰੀਬੀ ਪਾਈ" (੧/੨੪) ਸੀ।



www.AKJ.Org

ਉਹ ਆਪਣੇ ਆਪ ਨੂੰ "ਹਮ ਆਦਮੀ ਹਾਂ ਇਕ ਦਮੀ" ਕਹਿੰਦੇ ਹਨ। ਉਨ੍ਹਾਂ ਨੇ ਆਪਣੀ ਨਿਮ੍ਰਤਾ ਗਰੀਬੀ ਦਰਸਾਂਦਿਆਂ ਆਪਣੇ ਬਾਰੇ "ਹਉ ਪਾਪੀ ਪਤਿਤੁ ਪਰਮ ਪਖੰਡੀ" (ਪੰਨਾ ੫੯੬) ਅਤੇ "ਨਾਨਕੁ ਨੀਚੁ ਕਹੈ ਵੀਚਾਰੁ" (ਪੰਨਾ ੪) ਵੀ ਕਿਹਾ ਹੈ। ਉਹ ਆਪਣੇ ਆਪ ਨੂੰ 'ਸਾਇਰ' ਤੇ ਢਾਡੀ ਆਖ ਕੇ ਖੁਸ਼ ਹੁੰਦੇ ਹਨ—

ਹਉ ਢਾਡੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥੨੭॥ (ਪੰਨਾ ੧੫੦)

ਗੁਰੂ ਸਾਹਿਬ ਬਹੁਤ ਘੱਟ ਬੋਲਦੇ, ਪਰ ਜੋ ਬੋਲਦੇ, ਉਸ ਦਾ ਅਸਰ ਬਹੁਤ ਹੁੰਦਾ। ਉਨ੍ਹਾਂ ਦਾ ਸਿਧਾਂਤ ਸੀ—

"ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥ (੬੬੧)

ਆਪ ਦਾ ਪ੍ਰਚਾਰ-ਢੰਗ ਵੀ ਬੜਾ ਨਾਟਕੀ ਹੁੰਦਾ ਸੀ। ਆਪ ਨੇ ਲੋਕਾਂ ਅੰਦਰ ਚੜ੍ਹਦੀ ਕਲਾ ਦਾ ਜਜ਼ਬਾ ਪੈਦਾ ਕੀਤਾ ਤੇ ਦੱਸਿਆ ਕਿ ਸੰਸਾਰ ਦੁੱਖਾਂ ਦ ਘਰ ਨਹੀਂ, ਸਗੋਂ ਸੱਚ ਹੈ ਤੇ ਈਸ਼ਵਰ ਦਾ ਪਸਾਰਾ ਹੈ। ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚੋਂ ਢਹਿੰਦੀਆਂ ਕਲਾਂ ਵਾਲੀ ਰੁਚੀ ਖ਼ਤਮ ਕਰਨ ਤੇ ਜ਼ੋਰ ਦਿੱਤਾ। ਅਜਿਹਾ ਕੋਈ ਮਹਾਨ ਨੀਤੀ-ਵੇਤਾ ਹੀ ਕਰ ਸਕਦਾ ਹੈ। ਆਪ ਨੇ ਵਿਲਕਦੀ ਲੋਕਾਈ ਦੀਆਂ ਚੀਕਾਂ ਤੇ ਹਾੜੇ ਸੁਣੇ ਤੇ "ਜਗਤ ਜਲੰਦੇ' ਦੇ ਕਲਿਆਣ ਲਈ ਘਰੋਂ ਨਿਕਲ ਤੁਰੇ।

ਗੁਰੂ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਲੋਕਾਂ ਨੂੰ ਸਮਾਜਿਕ, ਆਰਥਿਕ ਤੇ ਅਧਿਆਤਮਕ ਪੱਖਾਂ ਤੋਂ ਜਾਗਰੂਕ ਕਰਾਣ ਲਈ ਜੋ ਯਤਨ ਕੀਤੇ, ਉਹਨਾਂ ਦਾ ਨਤੀਜਾ ਬਹੁਤ ਚੰਗਾ ਨਿਕਲਿਆ।

ਡਾਕਟਰ ਗੋਕਲ ਚੰਦ ਨਾਰੰਗ ਲਿਖਦਾ ਹੈ—"ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਸਮੇਂ ਲੋਕੀ ਦੀ ਹਾਲਤ ਪਹਿਲੋਂ ਤੋਂ ਚੰਗੀ ਸੀ। ਉਹਨਾਂ ਦੇ ਵਿਸ਼ਵਾਸ ਪਵਿੱਤਰ ਹੋ ਚੁਕੇ ਸਨ। ਉਹਨਾਂ ਦੀ ਪੂਜਾ ਸੁਧ ਹੋ ਗਈ ਸੀ, ਜਾਤ ਪਾਤ ਦੀ ਕੱਟੜਤਾ ਕਾਫ਼ੀ ਢਿੱਲੀ ਪੈ ਗਈ ਸੀ ਤੇ ਉਹਨਾਂ ਦੇ ਮਨ ਬਹੁਤ ਹੱਦ ਤਕ ਅਜ਼ਾਦ ਹੋ ਚੁਕੇ ਸਨ ਅਤੇ ਉਹ ਉੱਨਤੀ ਦੇ ਰਾਹ ਤੇ ਚਲਣ ਦੇ ਵਧੇਰੇ ਯੋਗ ਹੋ ਗਏ ਸਨ।" (ਸਿੱਖ ਧਰਮ ਦਾ ਪਰਿਵਰਤਨ)

ਗਾਰਡਨ ਨੇ ਲਿਖਿਆ ਹੈ—"ਗੁਰੂ ਨਾਨਕ ਭਾਵੇਂ ਇਕ ਹਿੰਦੂ ਸੁਧਾਰਕ ਸਨ, ਪਰ ਉਹਨਾਂ ਨੇ ਜੋ ਧਰਮ ਸਥਾਪਤ ਕੀਤਾ, ਓਹ 'ਰਾਸ਼ਟਰੀ ਧਰਮ' ਸੀ। ਜਿਸ ਆਦਰਸ਼ ਨੂੰ ਉਨ੍ਹਾਂ ਨੇ ਪ੍ਰਚਾਰਿਆ ਉਹ ਬਹੁਤ ਮਹਾਨ ਸੀ। ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਕਈ ਬੁਰਿਆਈਆਂ ਤੋਂ ਮੁਕਤ ਕੀਤਾ। ਉਹ ਸ਼ਾਂਤੀ ਤੇ ਸਦਭਾਵਨਾ ਦੇ ਪੈਗੰਬਰ ਸਨ।"

ਪ੍ਰੋ: ਸੀਤਾ ਰਾਮ ਕੋਹਲੀ ਦੇ ਸ਼ਬਦਾਂ ਵਿਚ :—"ਗੁਰੂ ਨਾਨਕ ਦੇਵ ਜੀ ਦਾ ਜੀਵਨ ਸਾਡੇ ਦੇਸ਼ ਦੇ ਇਤਿਹਾਸ ਵਿਚ ਇਕ ਉਚੇਰੀ ਮਹਾਨਤਾ ਰੱਖਦਾ ਹੈ। ਸੋਲ੍ਹਵੀਂ ਸਦੀ ਤੋਂ ਲੈ ਕੇ ਲਗਾਤਾਰ ਚਾਰ ਸੋ ਵਰ੍ਹਿਆਂ ਦੇ ਲੰਬੇ ਸਮੇਂ ਵਿਚ ਜਿਹੜੀਆਂ ਤਬਦੀਲੀਆਂ ਜਾਂ ਇਨਕਲਾਬ ਹੋਂਦ ਵਿਚ ਆਏ, ਉਨ੍ਹਾਂ ਸਭਨਾਂ ਵਿਚ ਹੀ ਗੁਰੂ ਨਾਨਕ ਜੀ ਦਾ ਹੱਥ ਕੰਮ ਕਰਦਾ ਦਿੱਸਦਾ ਹੈ। ਹਿੰਦੂ ਜਾਤੀ ਦੇ ਧਾਰਮਿਕ ਜਾਂ ਸਮਾਜਿਕ ਜੀਵਨ ਵਿਚ ਜੋ ਅਹਿਮ ਇਨਕਲਾਬ ਗੁਰੂ ਜੀ ਨੇ ਲਿਆਂਦਾ ਉਹ ਏਨਾ ਪਰਤੱਖ ਹੈ ਕਿ ਸਾਨੂੰ ਬਿਆਨ ਕਰਨ ਦੀ ਲੋੜ ਨਹੀਂ ਪੈਂਦੀ। ਪੰਜਾਬ ਦਾ ਬੱਚਾ ਬੱਚਾ ਇਸ ਤੋਂ ਜਾਣੂ ਹੈ।"

ਡਾਕਟਰ ਗੋਕਲ ਚੰਦ ਨਾਰੰਗ ਤੇ ਕਈ ਹੋਰ ਇਤਿਹਾਸਕਾਰਾਂ ਨੇ ਗੁਰੂ ਨਾਨਕ ਸਾਹਿਬ ਦਾ ਟਾਕਰਾ ਮਹਾਨ ਸੁਧਾਰਕ ਲੂਥਰ ਨਾਲ ਕੀਤਾ ਹੈ। ਇਹ ਤਾਂ ਠੀਕ ਹੈ ਕਿ ਦੋਹਾਂ ਵਿਚ ਕਈ ਗੱਲਾਂ ਦੀ ਸਮਾਨਤਾ ਹੈ, ਪਰ ਇਹ ਸਾਂਝ ਹੁੰਦਿਆਂ ਹੋਇਆਂ ਭੀ ਗੁਰੂ ਨਾਨਕ ਸਾਹਿਬ ਤੇ ਮਾਰਟਨ ਲੂਥਰ ਵਿਚ ਬੜੀ ਭਿੰਨਤਾ ਹੈ। ਜਿੱਥੇ ਮਾਰਟਨ ਲੂਥਰ ਮਨੁੱਖ ਦੀ ਮਹੱਤਤਾ ਵਿਚ ਵਿਸ਼ਵਾਸ ਹੀ ਨਹੀਂ ਰੱਖਦਾ ਅਤੇ ਉਹ ਇਹ ਗੱਲ ਨਹੀਂ ਮੰਨਦਾ ਕਿ ਸਾਧਾਰਨ ਮਨੁੱਖ ਵਿਚ ਆਪਣੀ ਕਿਸਮਤ ਬਨਾਉਣ ਦੀ ਸਮਰੱਥਾ ਹੈ, ਉਥੇ ਗੁਰੂ ਨਾਨਕ ਸਾਹਿਬ ਜਨ-ਸਾਧਾਰਨ ਨੂੰ ਬਹੁਤ ਵਡਿਆਈ ਦੇਂਦੇ ਹਨ ਤੇ ਫੁਰਮਾਇਆ ਹੈ—

ਅਵਰ ਜੋਤਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ (ਪੰਨਾ ੩੭੪)

ਹਰ ਮਨੁੱਖ ਦੇ ਉਨਤ ਹੋਣ ਲਈ ਉਚਿਤ ਰਾਜਨੀਤਕ, ਸਮਾਜਕ ਤੇ ਆਰਥਕ ਵਾਤਾਵਰਣ ਦੀ ਲੋੜ ਹੁੰਦੀ



www.AKJ.Org

ਹੈ। ਮਾਰਟਨ ਲੂਥਰ ਨੇ ਸਮਾਜ ਨੂੰ ਪਰਜਾ-ਤੰਤਰੀ ਲੀਹਾਂ ਤੇ ਚਲਾਉਣ ਦਾ ਯਤਨ ਕੀਤਾ, ਜਦੋਂ ਕਿ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਸਮਾਜ ਦਾ ਮਹੱਤਵ-ਪੂਰਨ ਅੰਗ ਮੰਨਿਆ ਤੇ ਪਰਜਾ-ਤੰਤਰੀ ਲੀਹਾਂ ਤੇ ਸੰਗਤ ਪੰਗਤ ਦੀ ਸੰਸਥਾ ਨੂੰ ਚਲਾਇਆ। ਫੇਰ ਗੁਰੂ ਜੀ ਦਾ ਇਹ ਪ੍ਰਯੋਗ ਅਤਿ ਨਵੀਨ ਸੀ, ਜੋ ਬੜਾ ਸਫਲ ਰਿਹਾ। ਗੁਰੂ ਨਾਨਕ ਸਾਹਿਬ ਆਤਮਕ ਤੌਰ ਤੇ ਮਾਰਟਨ ਲੂਥਰ ਨਾਲੋਂ ਬਹੁਤ ਮਹਾਨ ਸਨ।

ਏਥੇ ਇਕ ਹੋਰ ਪ੍ਰਸ਼ਨ ਉਠਦਾ ਹੈ ਕਿ ਕੀ ਗੁਰੂ ਨਾਨਕ ਸਾਹਿਬ ਸੁਧਾਰਕ ਸਨ ਜਾਂ ਕ੍ਰਾਂਤੀਕਾਰੀ ?

ਇੰਦੂ ਭੂਸ਼ਨ ਬੈਨਰਜੀ, ਪੇਨ ਤੇ ਗੋਕਲ ਚੰਦ ਨਾਰੰਗ ਦੇ ਵਿਚਾਰਾਂ ਵਿਚ ਗੁਰੂ ਨਾਨਕ ਸਾਹਿਬ ਕੇਵਲ ਸੁਧਾਰਕ ਸਨ, ਕ੍ਰਾਂਤੀਕਾਰੀ ਨਹੀਂ, ਪਰ ਇਸ ਦੇ ਉਲਟ ਮੈਕਾਲਫ਼, ਭਾਈ ਕਾਨ੍ਹ ਸਿੰਘ ਨਾਭਾ ਤੇ ਪ੍ਰਿੰਸੀਪਲ ਤੇਜਾ ਸਿੰਘ ਆਦਿ ਲਿਖਾਰੀਆਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਸਾਹਿਬ ਕ੍ਰਾਂਤੀਕਾਰੀ ਸਨ, ਸੁਧਾਰਕ ਨਹੀਂ ਸਨ।

ਜਿਹੜੇ ਵਿਅੱਕਤੀ ਗੁਰੂ ਸਾਹਿਬ ਨੂੰ ਸੁਧਾਰਕ ਮੰਨਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਰਾਮਾਨੰਦ, ਕਬੀਰ ਤੇ ਚੇਤੰਨਯ ਅਤੇ ਗੁਰੂ ਨਾਨਕ ਸਾਹਿਬ ਇਕ ਹੀ ਟੱਬਰ ਦੇ ਜੀਅ ਸਨ ਤੇ ਉਨ੍ਹਾਂ ਦੇ ਵਿਚਾਰ ਆਪਸ ਵਿਚ ਮਿਲਦੇ ਹਨ। ਇਨ੍ਹਾਂ ਸਾਰਿਆਂ ਨੇ ਹੀ ਪਿਆਰ, ਧੀਰਜ ਦਾ ਪ੍ਰਚਾਰ ਕੀਤਾ ਤੇ ਨਾਮ ਸਭ ਦੁੱਖਾਂ ਦਾ ਦਾਰੂ ਦੱਸਿਆ ਹੈ। ਉਹ ਇਹ ਵੀ ਕਹਿੰਦੇ ਹਨ ਕਿ ਗੁਰੂ ਸਾਹਿਬ ਤੋਂ ਪਹਿਲੋਂ ਕਬੀਰ ਸਾਹਿਬ ਜਾਤ-ਪਾਤ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰ ਚੁਕੇ ਸਨ। ਉਹ ਇਹ ਵੀ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਕੇਵਲ ਹਿੰਦੂ ਧਰਮ ਦੀਆਂ ਬੁਰਿਆਈਆਂ ਨੂੰ ਛੱਡਣ ਵਾਸਤੇ ਆਖਿਆ ਹੈ, ਨਾ ਕਿ ਹਿੰਦੂ ਧਰਮ ਦੇ ਮੁੱਢਲੇ ਅਸੂਲਾਂ ਨੂੰ। ਉਹ ਵਿਦਵਾਨ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਜਿਸ ਮਤ ਦਾ ਪ੍ਰਚਾਰ ਕੀਤਾ, ਉਹ ਉਨ੍ਹਾਂ ਦਾ ਪ੍ਰਚਾਰ-ਢੰਗ ਹੋਰਨਾਂ ਭਗਤਾਂ ਨਾਲੋਂ ਵੱਖਰਾ ਸੀ।

ਪੇਨ ਲਿਖਦਾ ਹੈ ਕਿ—"ਗੁਰੂ ਨਾਨਕ ਸਾਹਿਬ ਦਾ ਭਾਵ ਹਿੰਦ ਧਰਮ ਨੂੰ ਖ਼ਤਮ ਕਰਨਾ ਨਹੀਂ ਸੀ, ਸਗੋਂ ਇਸ ਨੂੰ ਇਸ ਦੀ ਪ੍ਰਾਚੀਨ ਪਵਿੱਤਰਤਾ ਦੀ ਪੱਧਰ ਤੇ ਲਿਆਉਣਾ ਸੀ। ਉਨ੍ਹਾਂ ਨੇ ਮਾਰਟਨ ਲੂਥਰ ਵਾਂਗ ਹਿੰਦੂ ਧਰਮ ਦੀਆਂ ਊਣਤਾਈਆਂ : ਮੂਰਤੀ-ਪੂਜਾ, ਫੋਕੇ ਕਰਮ-ਕਾਂਡ ਅਤੇ ਵਿਅਰਥ ਰਸਮਾਂ ਵਿਰੁੱਧ ਰੋਸ ਪ੍ਰਗਟ ਕੀਤਾ, ਜਿਨ੍ਹਾਂ ਕਰਕੇ ਹਿੰਦੂ ਧਰਮ ਅਸਲੀ ਧਰਮ ਦੀ ਪਵਿੱਤਰਤਾ ਤੋਂ ਦੂਰ ਹੋ ਗਿਆ ਸੀ।"

ਇੰਦੂ ਭੂਸ਼ਨ ਬੈਨਰਜੀ ਕਹਿੰਦਾ ਹੈ ਕਿ—"ਸਿੱਖ ਧਰਮ ਆਰੰਭ ਵਿਚ ਇਕ ਰੋਸ ਦੀ ਲਹਿਰ ਸੀ, ਪਰ ਇਹ ਰੋਸ ਹਿੰਦੂ ਧਰਮ ਦੀਆਂ ਊਣਤਾਈਆਂ, ਤਰੁਟੀਆਂ ਤੇ ਕੁਰੀਤੀਆਂ ਵਿਰੁੱਧ ਸੀ, ਨਾ ਕਿ ਹਿੰਦੂ ਧਰਮ ਵਿਰੁੱਧ।"

ਗੁਰੂ ਨਾਨਕ ਸਾਹਿਬ ਨੇ ਮਹਿਸੂਸ ਕਰ ਲਿਆ ਸੀ ਕਿ ਅਗਿਆਨਤਾ ਤੇ ਝਗੜੇ ਦਾ ਵੱਡਾ ਕਾਰਨ ਪਖੰਡਾਂ ਦੀ ਵਾਸਤਵਿਕਤਾ ਨੂੰ ਆਪਣੇ ਥੱਲੇ ਦਬਾ ਲੈਣਾ ਸੀ। ਇਸ ਲਈ ਉਹ ਬੀਮਾਰੀ ਦੀ ਜੜ੍ਹ ਤਕ ਪਹੁੰਚ ਤੇ ਲੋਕਾਂ ਵਿਚ ਹਰ ਚੀਜ਼ ਨੂੰ ਠੀਕ ਢੰਗ ਨਾਲ ਵੇਖਣ ਦਾ ਵਿਚਾਰ ਪੈਦਾ ਕੀਤਾ, ਤਾਂਕਿ ਉਹ ਫ਼ਜ਼ੂਲ ਰਸਮਾਂ ਤੇ ਕੁਰੀਤੀਆਂ ਨੂੰ ਛੱਡ ਸਕਣ ਅਤੇ ਝੂਠ ਤੇ ਸੱਚ ਵਿਚ ਅੰਤਰ ਰੱਖ ਸਕਣ।

ਗੁਰੂ ਨਾਨਕ ਸਾਹਿਬ ਰੋਗੀ-ਸਮਾਜ ਦਾ ਖ਼ਾਤਮਾ ਨਹੀਂ ਕਰਨਾ ਚਾਹੁੰਦੇ ਸਨ, ਸਗੋਂ ਨਾਮ ਦਾ ਦਾਰੂ ਦੇ ਕੇ ਉਸ ਨੂੰ ਸਿਹਤਵੰਦ ਤੇ ਅਰੋਗ ਬਨਾਉਣਾ ਚਾਹੁੰਦੇ ਸਨ।

ਮਿਸਟਰ ਮੈਕਾਲਫ਼, ਭਾਈ ਕਾਨ੍ਹ ਸਿੰਘ ਨਾਭਾ ਅਤੇ ਪ੍ਰਿੰਸੀਪਲ ਤੇਜਾ ਸਿੰਘ ਆਦਿ ਵਿਦਵਾਨਾਂ ਦਾ ਵਿਚਾਰ ਹੈ ਕਿ—

"ਗੁਰੂ ਨਾਨਕ ਸਾਹਿਬ ਕੇਵਲ ਸੁਧਾਰਕ ਹੀ ਨਹੀਂ ਸਨ, ਸਗੋਂ ਵੱਡੇ ਕ੍ਰਾਂਤੀਕਾਰੀ ਸਨ। ਇਨ੍ਹਾਂ ਵਿਦਵਾਨਾਂ ਦੇ ਕਹਿਣ ਅਨੁਸਾਰ, ਗੁਰੂ ਸਾਹਿਬ ਨੇ ਸਮਾਜ ਦੇ ਪੁਰਾਣੇ ਢਾਂਚੇ ਨੂੰ ਲਿੰਬ ਪੋਚ ਕੇ ਖੜਾ ਕਰਨ ਨਾਲੋਂ ਇਕ ਨਵਾਂ ਸਮਾਜ ਸਿਰਜਨ ਦਾ ਯਤਨ ਕੀਤਾ। ਗੁਰੂ ਸਾਹਿਬ ਦਾ ਨਿਸ਼ਾਨਾ ਹਿੰਦੂ ਸਮਾਜ ਦੀਆਂ ਪ੍ਰਚਲਤ ਕੀਮਤਾਂ ਨੂੰ ਬਦਲ ਕੇ ਇਕ ਨਵੀਨ ਸਮਾਜ ਦੀ ਉਸਾਰੀ ਕਰਨਾ ਤੇ ਸਮਾਜਕ ਇਨਕਲਾਬ ਲਿਆਉਣਾ ਸੀ।"

ਜ਼ਾਤ-ਪਾਤ ਦੀ ਪ੍ਰਥਾ ਹਿੰਦੂ ਸਮਾਜ ਦਾ ਅਜਿਹਾ ਪੱਕਾ ਢਾਂਚਾ ਸੀ ਜਿਸ ਦੇ ਦੁਆਲੇ ਹਿੰਦੂ ਕਰਮ-ਥਿਊਰੀ ਤੇ ਆਵਾ-ਗਉਣ ਦਾ ਸਿਧਾਂਤ ਘੁੰਮਦਾ ਸੀ। ਹਿੰਦੂ-ਕਰਮ ਥਿਊਰੀ ਅਨੁਸਾਰ, ਸ਼ੁਭ ਕਰਮਾਂ ਨਾਲ ਹੀ ਉੱਚੀਆਂ ਜਾਤਾਂ



www.AKJ.Org

ਵਿਚ ਮਨੁੱਖ ਦਾ ਜਨਮ ਹੁੰਦਾ ਹੈ ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਸਾਹਿਬ ਤੋਂ ਪਹਿਲਾਂ ਕਈ ਹਿੰਦੂ ਭਗਤਾਂ ਤੇ ਸੁਧਾਰਕਾਂ ਨੇ ਜ਼ਾਤ-ਪਾਤ ਦੀ ਨਿਖੇਧੀ ਕੀਤੀ ਸੀ, ਪਰ ਖੁਲ੍ਹ ਕੇ ਜਿਸ ਸਾਹਸ ਤੇ ਦਲੇਰੀ ਨਾਲ ਗੁਰੂ ਸਾਹਿਬ ਨੇ ਇਸ ਦੀ ਵਿਰੋਧਤਾ ਕੀਤੀ ਤੇ ਇਸ ਦਾ ਅੰਤ ਕਰਨ ਲਈ ਠੋਸ ਕਾਰਵਾਈ ਕੀਤੀ, ਉਹ ਹੋਰ ਕਿਸੇ ਸੁਧਾਰਕ ਦੇ ਹਿੱਸੇ ਨਹੀਂ ਆਈ । ਗੁਰੂ ਸਾਹਿਬ ਦੀਆਂ ਚਲਾਈਆਂ ਹੋਈਆਂ ਦੋਹਾਂ ਸੰਸਥਾਵਾਂ 'ਸੰਗਤ ਤੇ ਪੰਗਤ' ਵਿਚ ਜ਼ਾਤ-ਪਾਤ ਦੀ ਕੋਈ ਥਾਂ ਨਹੀਂ ਸੀ । ਗੁਰੂ ਸਾਹਿਬ ਦਾ ਜ਼ਾਤ-ਪਾਤ ਤੋਂ ਉਤਪੰਨ ਹੋਈ ਹੰਗਤਾ ਨੂੰ ਖ਼ਤਮ ਕਰਨਾ ਹੀ ਇਕ ਕ੍ਰਾਂਤੀਕਾਰੀ ਅਮਲ ਸੀ ।

ਸੰਨਿਆਸ, ਵੈਰਾਗ, ਤਿਆਗ, ਵਰਤ-ਨੇਮ ਤੇ ਕਰੜੀ ਤਪੱਸਿਆ ਹਿੰਦੂ ਧਰਮ ਦੇ ਅਤੀ ਜ਼ਰੂਰੀ ਅੰਗ ਸਮਝੇ ਜਾਂਦੇ ਸਨ, ਪਰ ਗੁਰੂ ਸਾਹਿਬ ਨੇ ਜ਼ੋਰਦਾਰ ਸ਼ਬਦਾਂ ਵਿਚ ਇਨ੍ਹਾਂ ਕਿਰਿਆਵਾਂ ਦਾ ਖੰਡਨ ਕੀਤਾ, ਤੇ ਕਿਹਾ ਕਿ ਇਹ ਕੇਵਲ ਸਰੀਰਕ ਕਸਰਤਾਂ ਹਨ, ਇਨ੍ਹਾਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ । ਉਨ੍ਹਾਂ ਫੁਰਮਾਇਆ ਕਿ ਪਰਮ-ਸੱਤ ਦੀ ਪ੍ਰਾਪਤੀ ਲਈ ਝੂਠੇ ਕਰਮ ਕਰਨ ਦੀ ਲੋੜ ਨਹੀਂ । ਉਨ੍ਹਾਂ ਦਾ ਉਪਦੇਸ਼ ਸੀ—

"ਅੰਜਨ ਮਾਹਿ ਨਿਰੰਜਨਿ ਰਹੀਐ" ਸੀ । (ਪੰਨਾ ੧੩੦)

ਭਾਵ, ਮਾਇਆ ਵਿਚ ਰਹਿੰਦੀਆਂ, ਮਾਇਆ ਤੋਂ ਨਿਰਲੇਪ ਵਾਹਿਗੁਰੂ ਵਿਚ ਜੁੜੇ ਰਹੀਏ । ਇਹ ਗੱਲ ਆਪਣੇ ਆਪ ਵਿਚ ਬੜੀ ਪ੍ਰਭਾਵਸ਼ਾਲੀ ਤੇ ਕ੍ਰਾਂਤੀਕਾਰੀ ।

ਉਨ੍ਹਾਂ ਦੇ ਸੰਪਰਕ ਵਿਚ ਜੋ ਵੀ ਜੋਗੀ, ਸੰਨਿਆਸੀ ਤੇ ਹੋਰ ਪੀਰ ਫ਼ਕੀਰ ਆਏ, ਉਨ੍ਹਾਂ ਨੇ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਕ੍ਰਾਂਤੀ ਵਾਲੀ ਵੰਗਾਰ ਸਮਝਿਆ । ਇਨ੍ਹਾਂ ਸਾਰੇ ਤੱਥਾਂ ਦੇ ਸਾਹਮਣੇ ਹੁੰਦਿਆਂ, ਇਹ ਕਥਨ ਮੰਨਣਾ ਪੈਂਦਾ ਹੈ ਕਿ ਗੁਰੂ ਨਾਨਕ ਸਾਹਿਬ ਕ੍ਰਾਂਤੀਕਾਰੀ ਸਨ ।

ਗੁਰੂ ਨਾਨਕ ਸਾਹਿਬ ਨੇ ਫੋਕੇ ਕਰਮ-ਕਾਂਡਾਂ, ਤੀਰਥ ਯਾਤਰਾ ਤੇ ਹੋਰ ਫ਼ਜ਼ੂਲ ਰਸਮਾਂ ਦਾ ਖੰਡਨ ਕੀਤਾ । ਉਨ੍ਹਾਂ ਨੇ ਵੇਦਾਂ ਦੀ ਪਵਿੱਤ੍ਰਤਾ ਨੂੰ ਵੀ ਨਹੀਂ ਸਵੀਕਾਰਿਆ । ਉਨ੍ਹਾਂ ਨੇ ਹਿੰਦੂ ਅਵਤਾਰਾਂ ਤੇ ਦੇਵੀ-ਦੇਵਤਿਆਂ ਬਾਰੇ ਸ਼ੰਕੇ ਵੀ ਪ੍ਰਗਟ ਕੀਤੇ । ਅਜਿਹੀਆਂ ਗੱਲਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦਾ ਬ੍ਰਾਹਮਣ ਵਾਦ ਵਿਚ ਕੋਈ ਵਿਸ਼ਵਾਸ਼ ਨਹੀਂ ਸੀ ।

ਗੁਰੂ ਸਾਹਿਬ ਦੀਆਂ 'ਸੰਗਤ ਤੇ ਪੰਗਤ' ਦੋਹਾਂ ਮਹੱਤਵ-ਪੂਰਨ ਸੰਸਥਾਵਾਂ ਦਾ ਆਧਾਰ ਹਿੰਦੂ ਫ਼ਲਸਫ਼ਾ ਮੂਲੋਂ ਹੀ ਨਹੀਂ ਸੀ । ਸੰਗਤ ਵਿਚ ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ ਮਨੁੱਖ ਭਾਵੇਂ ਕਿਸੇ ਜਾਤ ਜਾਂ ਬਰਾਦਰੀ ਦਾ ਹੋਵੇ, ਵਿਸ਼ਵਾਸ ਨਾਲ ਬੈਠ ਸਕਦਾ ਤੇ ਪੂਜਾ ਪਾਠ ਵਿਚ ਹਿੱਸਾ ਲੈ ਸਕਦਾ ਹੈ । ਇਸੇ ਤਰ੍ਹਾਂ ਲੰਗਰ ਵਿਚ ਬਿਨ੍ਹਾਂ ਕਿਸੇ ਵਿਤਕਰੇ ਦੇ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕ ਸਕਦਾ ਹੈ । ਇਨ੍ਹਾਂ ਸੰਸਥਾਵਾਂ ਦੀ ਕਾਇਮੀ ਇਸ ਗੱਲ ਦਾ ਸਬੂਤ ਸੀ ਕਿ ਗੁਰੂ ਸਾਹਿਬ ਨਵੀਆਂ ਲੀਹਾਂ ਪਾਉਣ ਦੇ ਸਮਰੱਥ ਸਨ ।

ਗੁਰੂ ਨਾਨਕ ਸਾਹਿਬ ਨੇ ਬੜੀ ਦਲੇਰੀ ਤੇ ਨਿਡਰਤਾ ਨਾਲ ਸਮਕਾਲੀ-ਰਾਜਨੀਤੀ ਤੇ ਅਲੋਚਨਾ ਕੀਤੀ ਹੈ । ਉਨ੍ਹਾਂ ਨੇ ਸਮਕਾਲੀ ਲੋਧੀ ਬਾਦਸ਼ਾਹਾਂ ਨੂੰ 'ਸ਼ੀਹ' ਕਿਹਾ ਹੈ ਤੇ ਮੁਕੱਦਮਾਂ ਨੂੰ 'ਕੁੱਤੇ'—

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥੨॥੨੨॥

(ਮ: ੧, ਵਾਰ ਮਲਾਰ, ਪੰਨਾ ੧੨੮੮

ਜਦੋਂ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤਾਂ ਉਨ੍ਹਾਂ ਨੇ ਇਸ ਹਮਲੇ ਨੂੰ 'ਰੱਬੀ ਕਰੋਪੀ' ਨਹੀਂ ਮੰਨਿਆ, ਸਗੋਂ ਹਿੰਦੁਸਤਾਨੀਆਂ ਦੀ ਅਧੋਗਤੀ ਦਾ ਪ੍ਰਤੀ-ਫਲ ਕਿਹਾ ਹੈ । ਯਥਾ—

੧. ਜੇ ਤਿਸੁ ਭਾਵੈ ਦੇਇ ਵਡਿਆਈ, ਜੇ ਭਾਵੈ ਦੇਇ ਸਜਾਇ ॥੪॥
ਅਗੋਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ.. ॥੫॥੧੧॥ (ਆਸਾ ਮਹਲਾ ੧—੪੧੭)

੨. ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥



www.AKJ.Org

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ੩॥੧੨॥ (ਆਸਾ ਮਹਲਾ ੧–੪੧੭)

ਇਸ ਤਰ੍ਹਾਂ ਦੀ ਸੋਚਣੀ ਕੇਵਲ ਮਹਾਨ ਕ੍ਰਾਂਤੀਕਾਰੀਆਂ ਦਾ ਦ੍ਰਿਸ਼ਟੀ-ਕੋਣ ਹੀ ਹੋ ਸਕਦੀ ਹੈ। ਉਪਰੋਕਤ ਵਿਚਾਰ ਦੱਸਦੀ ਹੈ ਕਿ ਗੁਰੂ ਨਾਨਕ ਸਾਹਿਬ ਨਾ ਤਾਂ ਨਿਰੇ ਸੁਧਾਰਕ ਸਨ ਤੇ ਨਾ ਹੀ ਨਿਰੋਲ ਕ੍ਰਾਂਤੀਕਾਰੀ।

ਗੁਰੂ ਸਾਹਿਬ ਸੱਚ ਦੇ ਢੰਡੋਰਚੀ ਤੇ ਨਿਧੜਕ ਸੁਧਾਰਕ ਸਨ, ਜਿਨ੍ਹਾਂ ਵਿਚ ਨਿਡਰਤਾ ਤੇ ਦਲੇਰੀ ਕਮਾਲ ਦੀ ਸੀ। ਉਹਨਾਂ ਨੇ ਕਿਸੇ ਦੇ ਦਿਲ ਦੀ ਗੱਲ ਕਹਿਣ ਲੱਗਿਆਂ ਕੋਈ ਝਿਜਕ ਮਹਿਸੂਸ ਨਹੀਂ ਕੀਤੀ, ਸਗੋਂ ਜੋ ਕਿਹਾ ਹੈ, ਗੱਜ-ਵੱਜ ਕੇ ਕਿਹਾ ਹੈ। ਇਹੋ ਹੀ ਕਾਰਨ ਹੈ ਕਿ ਕਈ ਲਿਖਾਰੀ ਆਪ ਨੂੰ ਕ੍ਰਾਂਤੀਕਾਰੀ ਆਖਦੇ ਹਨ।

ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਭਗਤੀ ਲਹਿਰ ਦੇ ਪਹਿਲੇ ਭਗਤਾਂ ਨਾਲੋਂ ਵੱਖਰੀ ਕਿਸਮ ਦਾ ਸੀ। ਖਾਣ-ਪੀਣ, ਪੁਸ਼ਾਕ ਤੇ ਪੂਜਾ ਦੇ ਮਾਮਲੇ ਵਿਚ ਭਗਤ ਪੁਰਾਤਨ ਵਿਚਾਰਾਂ ਦੇ ਧਾਰਨੀ ਸਨ। ਪਰ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਦੀ ਨਕਲ ਨਹੀਂ ਕੀਤੀ। ਡਾਕਟਰ ਗੋਕਲ ਚੰਦ ਨਾਰੰਗ ਨੇ ਠੀਕ ਹੀ ਕਿਹਾ ਹੈ ਕਿ–

"ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸਭ ਭਗਤਾਂ ਦਾ ਦ੍ਰਿਸ਼ਟੀ-ਕੋਣ ਸੌੜਾ, ਰਸਮੀ ਤੇ ਫਿਰਕੂ ਸੀ, ਪਰ ਇਸ ਦੇ ਉਲਟ ਗੁਰੂ ਨਾਨਕ ਸਾਹਿਬ ਦਾ ਨਜ਼ਰੀਆ ਵਿਸ਼ਾਲ, ਅਸੀਮਤ ਤੇ ਚੌੜਾ ਸੀ। ਜਿੱਥੇ ਸਭ ਭਗਤ ਪ੍ਰਮਾਰਥ ਨੂੰ ਮੁਖ ਸਮਝਦੇ ਸਨ ਕਿ ਸੰਸਾਰ ਨਾਸਵਾਨ ਹੈ ਤੇ ਇਸ ਵਿਚ ਰਹਿਣ ਦੀ ਥਾਂ ਇਸ ਨੂੰ ਛੱਡਣਾ ਹੀ ਚੰਗਾ ਹੈ, ਉਥੇ ਗੁਰੂ ਸਾਹਿਬ ਦਾ ਉਪਦੇਸ਼ ਇਹ ਸੀ ਕਿ ਸੰਸਾਰ ਰੱਬ-ਸੱਚੇ ਦੀ ਕੋਠੜੀ ਹੈ ਤੇ ਇਸ ਵਿਚ ਉਹ ਸੱਚਾ ਆਪ ਵੱਸਦਾ ਹੈ। ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਲੋਕਾਂ ਨੂੰ ਮਿਥਿਹਾਸਕ ਬੰਧਨਾਂ ਤੋਂ ਆਜ਼ਾਦ ਕਰਾਉਣਾ ਤੇ ਇਹ ਦੱਸਣਾ ਸੀ, 'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥' (ਪੰਨਾ ੪੬੩) ਤੇ ਇਹ ਦੱਸਣਾ ਸੀ ਕਿ ਦੇਵੀ, ਦੇਵਤੇ ਅਤੇ ਰਾਮ ਤੇ ਕ੍ਰਿਸ਼ਨ ਸੱਚੇ ਰੱਬ ਦੇ ਟਾਕਰੇ ਤੇ ਕੁਝ ਵੀ ਨਹੀਂ ਹਨ। ਗੁਰੂ ਨਾਨਕ ਸਾਹਿਬ ਦੇ ਵਿਚਾਰ ਨੇ ਹਿੰਦੂਆਂ ਦੇ ਵਿਖਾਵੇ ਦੇ ਧਰਮ ਤੇ ਕਰੜੀ ਸੱਟ ਮਾਰੀ। ਇਸ ਲਈ ਹੌਲੀ ਹੌਲੀ ਉਨ੍ਹਾਂ ਦੇ ਅਨੁਆਈਆਂ ਨੇ ਆਪਣੇ ਆਪ ਨੂੰ ਵਖਰੇ ਧਰਮ ਵਿਚ ਸੰਗਠਿਤ ਕਰ ਲਿਆ, ਜਿਸ ਵਿਚ ਅਖੌਤੀ ਵਿਖਾਵੇ ਦੇ ਧਰਮ ਦੀਆਂ ਰਸਮਾਂ ਰੀਤਾਂ ਲਈ ਕੋਈ ਥਾਂ ਨਹੀਂ ਸੀ। ਇਸ ਤਰ੍ਹਾਂ ਨਵੇਂ ਧਰਮ ਦਾ ਜਨਮ ਹੋਇਆ। ਜੋ ਤਲਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਂਦ ਵਿਚ ਆਈ, ਦਰ-ਅਸਲ ਉਸ ਲਈ ਕੱਚਾ ਲੋਹਾ ਗੁਰੂ ਨਾਨਕ ਸਾਹਿਬ ਨੇ ਹੀ ਤਿਆਰ ਕੀਤਾ ਸੀ।"

ਡਾਕਟਰ ਬਲਕਾਰ ਸਿੰਘ ਲਿਖਦੇ ਹਨ–

"ਭਗਤੀ ਲਹਿਰ ਦੇ ਸੰਤਾਂ ਭਗਤਾਂ ਨੇ ਜੋ ਕੁਝ ਵਿਚਾਰ ਦੀ ਪੱਧਰ ਤੇ, ਬੁੱਧੀ ਦੀ ਪੱਧਰ ਤੇ ਜਾਂ ਅਨੁਭਵ ਦੀ ਪੱਧਰ ਤੇ ਆਖਿਆ, ਉਸ ਨੂੰ ਕਾਂਟ-ਛਾਂਟ ਕੇ ਉਸ ਵਿਚੋਂ ਸੁਧ ਤੇ ਸੁਤੰਤਰ ਵਿਚਾਰਧਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੇਸ਼ ਕੀਤੀ, ਜਿਹੜੀ ਇਸ ਵੇਲੇ ਗੁਰਮਤਿ ਜਾਂ ਸਿੱਖ ਧਰਮ ਦੇ ਨਾਮ ਨਾਲ ਜਾਣੀ ਜਾਂਦੀ ਹੈ। ਗੁਰਮਤਿ ਵਿਚ ਮੁਕਤੀ ਤੇ ਭਗਤੀ ਲਹਿਰ ਵਾਂਗ ਹੀ ਜ਼ੋਰ ਹੈ, ਪਰ ਇਹ ਮੁਕਤੀ ਵਿਅਕਤੀਗਤ ਉਥਾਨ ਦੀ ਥਾਂ ਸਮੂਹਕ ਮੁਕਤੀ ਦਾ ਰੂਪ ਧਾਰਦੀ ਹੈ। ਵਿਅਕਤੀ ਦੀ ਥਾਂ ਸੰਗਤ ਨੂੰ ਪ੍ਰਧਾਨਤਾ ਪ੍ਰਾਪਤ ਹੁੰਦੀ ਹੈ, ਇਸ ਆਧਾਰ ਤੇ ਗੁਰਮਤਿ ਨੇ ਜਿਸ ਕਿਸਮ ਦੇ ਮਨੁੱਖ ਦੀ ਸਿਰਜਨਾ ਕੀਤੀ ਹੈ, ਉਹ ਸਮੁੱਚੇ ਭਾਰਤੀ ਪ੍ਰਸੰਗ ਵਿਚ ਸਭਿਆਚਾਰਕ, ਨੈਤਿਕ ਅਤੇ ਭਾਈਚਾਰਕ ਪੱਖ ਤੋਂ ਬਿਲਕੁਲ ਨਿਵੇਕਲੀ ਹੈ। ਇਸ ਗੱਲ ਦਾ ਸਬੂਤ ਅਜਿਹੇ ਮਨੁੱਖਾਂ ਦੇ ਸਮੂਹ ਵਲੋਂ ਸਿਰਜਿਆ ਇਤਿਹਾਸ ਹੈ, ਜਿਸ ਨੂੰ ਹਰ ਸਿੱਖ ਅਰਦਾਸ ਵਿਚ ਰੋਜ਼ਾਨਾ ਦੁਹਰਾਉਂਦਾ ਹੈ।"

(ਗੁਰਮਤਿ ਵਿਵੇਚਨ-ਪੰਨਾ 9)

ਪ੍ਰੋਫੈਸਰ ਕਰਤਾਰ ਸਿੰਘ ਲਿਖਦੇ ਹਨ–

"ਗੁਰੂ ਨਾਨਕ ਸਾਹਿਬ ਦੀ ਸਿਖਿਆ ਕਿਸੇ ਖ਼ਾਸ ਸਮੇਂ ਵਾਸਤੇ ਨਹੀਂ ਸੀ। ਉਨ੍ਹਾਂ ਦਾ ਦੈਵੀ ਉਪਦੇਸ਼ ਸਦਾ ਜੀਉਂਦਾ ਰਹੇਗਾ। ਉਨ੍ਹਾਂ ਦੀ ਵਿਚਾਰਧਾਰਾ ਏਨੀ ਵਿਸ਼ਾਲ ਤੇ ਬੌਧਕਤਾ ਭਰਪੂਰ ਹੈ ਕਿ ਆਧੁਨਿਕ ਵਿਗਿਆਨਕ ਵਿਚਾਰਧਾਰਾ ਵੀ ਉਨ੍ਹਾਂ ਉਤੇ ਟੀਕਾ ਟਿਪਣੀ ਨਹੀਂ ਕਰ ਸਕਦੀ।"



www.AKJ.Org

# ਸਫਲ ਸ਼ਹਾਦਤ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿੱਲੀ-19]

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਮਹਾਨਤਾ ਕੇਵਲ ਉਦੇਸ਼ ਤੇ ਆਪਾ ਵਾਰਨ ਦੀ ਭਾਵਨਾ ਕਰਕੇ ਨਹੀਂ, ਬਲਕਿ ਇਸ ਦੇ ਸਫਲ ਪਰਿਣਾਮ ਕਰਕੇ ਵੀ ਹੈ। ਕਈ ਸੁੰਦਰ ਤੇ ਖੁਸ਼ਬੂਦਾਰ ਫੁੱਲ, ਗਲੇ ਦਾ ਹਾਰ ਬਣੇ ਬਿਨਾ ਹੀ ਜੰਗਲ ਵਿੱਚ ਖਿੜ ਕੇ ਕੁਮਲਾ ਜਾਂਦੇ ਹਨ। ਹੁਣ ਵੀ ਤਿਆਗੀ, ਇਕਾਂਤੀ ਤੇ ਤਪੱਸਵੀ ਪੁਰਸ਼ਾਂ ਦੀ ਬਹੁ-ਗਿਣਤੀ ਐਸੀ ਹੈ ਜਿਨ੍ਹਾਂ ਨੂੰ ਜਗਤ ਦੇ ਦੁੱਖਾਂ ਦੀ ਨਵਿਰਤੀ ਨਾਲ ਕੋਈ ਵਾਸਤਾ ਨਹੀਂ ਤੇ ਉਹ ਕੇਵਲ ਆਪਣਾ ਪਰਲੋਕ ਸੁਧਾਰਨ ਦੇ ਜਤਨ ਵਿਚ ਮਗਨ ਰਹਿੰਦੇ ਹਨ। ਇਸੇ ਕਾਰਨ ਆਮ ਸੰਸਾਰੀ ਜੀਵ ਇਸ ਤਰ੍ਹਾਂ ਸੋਚਦਾ ਹੈ ਕਿ ਜਿਹੜਾ ਵਿਅਕਤੀ ਦਰਦਮੰਦਾਂ ਦੇ ਦਰਦ ਵੰਡਾਉਣ ਦੀ ਭਾਵਨਾ ਨਹੀਂ ਰੱਖਦਾ, ਤੇ ਅਮਲੀ ਤੌਰ ਤੇ ਦੁੱਖਾਂ-ਸੁੱਖਾਂ ਦਾ ਸਾਂਝੀਵਾਲ ਨਹੀਂ ਬਣਦਾ, ਉਸ ਦੀ ਚੰਗਿਆਈ ਤੇ ਭਲਾਈ ਦਾ ਸਾਨੂੰ ਕੀ ਲਾਭ ?

ਗੁਰਦੇਵ ਜੀ ਇੱਕ ਪਾਸੇ ਜੰਗ ਵਿਚ ਤੇਗ-ਜ਼ਨੀ ਦੇ ਹੁਨਰ ਦਾ ਕਮਾਲ ਦਿਖਾ ਕੇ ਤੇਗ ਬਹਾਦਰ ਦੇ ਨਾਮ ਨਾਲ ਸਨਮਾਨੇ ਗਏ, ਦੂਸਰੇ ਪਾਸੇ ਬਕਾਲਾ ਸਾਹਿਬ ਵਿੱਚ ਲਗਾਤਾਰ ਘੋਰ ਤਪੱਸਿਆ ਤੇ ਨਾਮ ਸਿਮਰਨ ਦੇ ਸਦਕੇ ਮਹਾਨ ਤਿਆਗੀ ਤੇ ਬੈਰਾਗੀ ਦੇ ਰੂਪ ਵਿੱਚ ਉਜਾਗਰ ਹੋਏ। ਏਨ੍ਹਾਂ ਦੋਹਾਂ ਦੈਵੀ ਗੁਣਾਂ ਦੇ ਸੁਜੋੜ ਨੇ ਬੇਮਿਸਾਲ ਸ਼ਹਾਦਤ ਦਾ ਬੀਜ ਬੋ ਕੇ ਸਮੁੱਚੇ ਸਿੱਖ ਜਗਤ ਨੂੰ ਅਣਖ ਤੇ ਆਤਮ-ਸਮਰਪਨ ਦੀਆਂ ਭਾਵਨਾਵਾਂ ਨਾਲ ਰੰਗ ਦਿੱਤਾ।

ਬਾਦਸ਼ਾਹ ਤੇ ਪਾਤਸ਼ਾਹ ਦੀ ਜੰਗ ਬਹੁਤ ਮਹੱਤਵ-ਪੂਰਨ ਸੀ। ਜ਼ੁਲਮ, ਜਬਰ ਦੀ ਇੰਤਹਾ ਅਤੇ ਸਬਰ ਸਿਦਕ ਦੇ ਸਿਖਰ ਦਾ ਸੰਘਰਸ਼ ਸੀ। ਔਰੰਗਜ਼ੇਬ ਪ੍ਰੇਰਨਾ ਦੁਆਰਾ, ਲਾਲਚ ਨਾਲ ਤੇ ਜ਼ੁਲਮ ਦੀ ਤਲਵਾਰ ਨਾਲ, ਗੁਰਦੇਵ ਜੀ ਨੂੰ ਅਧੀਨ ਕਰ ਕੇ ਆਪਣੇ ਪਰਉਪਕਾਰੀ ਨਿਸ਼ਾਨੇ ਤੋਂ ਗਿਰਾਉਣਾ ਚਾਹੁੰਦਾ ਸੀ, ਤੇ ਮਾਨਸਕ ਤੌਰ ਤੇ ਹਰਾਉਣਾ ਚਾਹੁੰਦਾ ਸੀ। ਹਜ਼ੂਰ ਦਾ ਨਿਸ਼ਾਨਾ ਅਝੁੱਕ ਰਹਿ ਕੇ ਆਪਣੇ ਸਰੀਰ ਤੱਕ ਦਾ ਬਲੀਦਾਨ ਕਰਨਾ ਸੀ। ਔਰੰਗਜ਼ੇਬ ਨੇ ਸਮਝਿਆ ਹੋਵੇਗਾ ਕਿ ਮੈਂ ਨੇ ਸ਼ਾਹੀ ਫ਼ੁਰਮਾਨ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦਾ ਸਿਰ ਕਲਮ ਕਰ ਕੇ ਸੱਚ ਦੀ ਆਵਾਜ਼ ਨੂੰ ਕੁਚਲ ਦਿੱਤਾ ਹੈ, ਪਰ ਉਸ ਨੇ ਹਕੂਮਤ ਦੇ ਨਸ਼ੇ ਵਿਚ ਇਹ ਨਹੀਂ ਵਿਚਾਰਿਆ ਕਿ ਜਾਨ ਲੈਣਾ ਆਖ਼ਰੀ ਹਥਿਆਰ ਹੈ, ਪਰ ਵਾਸਤਵ ਵਿੱਚ ਇਹ ਜਿੱਤ ਨਹੀਂ, ਹਾਰ ਹੈ। ਸਮੇਂ ਦੀ ਚਾਲ ਨੇ ਪਰਤੱਖ ਦਿਖਾ ਦਿੱਤਾ ਕਿ ਜ਼ਾਲਮ ਮੁਗਲ ਹਕੂਮਤ ਦੀ ਝੋਲੀ ਵਿੱਚ ਸ਼ਿਕੱਸਤ ਦਾ ਤੁਹਫ਼ਾ ਪਿਆ ਤੇ ਮਹਾਨ ਸ਼ਹੀਦ ਸੂਰੇ ਨੂੰ ਸ਼ਾਨਦਾਰ ਫ਼ਤਹ ਦਾ ਅਮਰ ਨਿਸ਼ਾਨ ਪ੍ਰਾਪਤ ਹੋਇਆ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਜੇ ਕਿਸੀ ਸ਼ਹਾਦਤ ਬਾਅਦ ਸ਼ਹੀਦ ਦੇ ਪਾਏ ਪੂਰਨਿਆਂ ਤੇ ਕੋਈ ਚੱਲ ਨ ਸਕੇ, ਉਸ ਦੀ ਬੁਲੰਦ ਆਵਾਜ ਨੂੰ ਕੋਈ ਦੁਹਰਾ ਨ ਸਕੇ ਤੇ ਉਸ ਤਹਰੀਕ ਦਾ ਅੰਤ ਹੋ ਜਾਵੇ ਤਾਂ ਇਹ ਗੱਲ ਕਹਿਣੀ ਬਣਦੀ ਹੈ ਕਿ ਸ਼ਹੀਦ ਦੀ ਮ੍ਰਿਤੂ ਹੋਈ ਹੈ। ਪਰ ਜੇ ਇਕ ਬਲੀਦਾਨ ਉਪਰੰਤ ਅਨੇਕਾਂ ਮਰਜੀਵੜੇ ਆਪਣੀ ਜਾਨ ਤਲੀ ਤੇ ਰੱਖ ਕੇ ਮੈਦਾਨ ਵਿੱਚ ਆ ਨਿੱਤਰਨ ਤੇ ਚਲਾਏ ਹੋਏ ਅੰਦੋਲਨ ਨੂੰ ਹੋਰ ਸ਼ਕਤੀਸ਼ਾਲੀ ਬਣਾ ਦੇਣ ਤਾਂ ਸ਼ਹੀਦ ਸਦਾ ਲਈ ਅਮਰ ਹੋਇਆ ਸਮਝਿਆ ਜਾਂਦਾ ਹੈ।

ਔਰੰਗਜ਼ੇਬ ਰਾਮ ਰਾਇ ਨੂੰ ਕਰਾਮਾਤ ਦੇ ਜਾਲ ਵਿੱਚ ਫਸਾ ਕੇ ਖ਼ੁਸ਼ਾਮਦੀ ਬਨਾਉਣ ਵਿੱਚ ਸਫ਼ਲ ਹੋ ਗਿਆ ਸੀ। ਉਸ ਨੇ ਇਹ ਨੀਤੀ, ਕਈ ਦਰਵੇਸ਼ਾਂ ਦੀ ਪ੍ਰੀਖਿਆ ਲੈਣ ਲਈ ਵਰਤੀ। ਹਜ਼ੂਰ ਨੂੰ ਵੀ ਕਰਾਮਾਤ ਵਿਖਾਉਣ ਲਈ ਆਖਿਆ ਗਿਆ ਸੀ, ਪਰ ਔਰੰਗਜ਼ੇਬ ਦੀ ਇਹ ਚਾਹ ਸ਼ਹਾਦਤ ਤੋਂ ਪਹਿਲਾਂ ਤਾਂ ਨਹੀਂ, ਸ਼ਹੀਦੀ ਦੇ ਬਾਅਦ ਪੂਰੀ ਹੋ ਗਈ।

ਧਾਰਮਕ ਸੁਤੰਤਰਤਾ ਤੇ ਮਾਨਵਤਾ ਦੇ ਹੱਕਾਂ ਦੀ ਖ਼ਾਤਰ ਕੀਤੀ ਇਸ ਕੁਰਬਾਨੀ ਨੇ ਸਾਰੇ ਭਾਰਤ ਨੂੰ, ਤੇ



www.AKJ.Org

ਵਿਸ਼ੇਸ਼ ਤੌਰ ਤੇ ਦਿੱਲੀ ਦੇ ਗੁਰਸਿੱਖਾਂ ਦੀ ਆਤਮਾ ਨੂੰ ਵਲੂੰਦਰ ਕੇ ਰੱਖ ਦਿੱਤਾ। ਕਈ ਸਬਰ ਦੇ ਘੁੱਟ ਪੀ ਕੇ ਬਹਿ ਗਏ, ਕਈਆਂ ਨੇ ਕੁਝ ਕਰਨ ਦੀ ਠਾਨ ਲਈ। ਹਿਰਦੇ ਦੀ ਵੇਦਨਾ ਨੇ, ਪਤਾ ਨਹੀਂ, ਕਿਹੜੇ ਕਿਹੜੇ ਰੂਪ ਧਾਰਨ ਕੀਤੇ। ਸਾਰਾ ਜਗਤ ਭੈ-ਭੀਤ, ਤੇ ਸੋਗ ਨਾਲ ਭਰ ਗਿਆ। ਹਕੂਮਤ ਪ੍ਰਤੀ 'ਹੈ ਹੈ' ਤੇ ਫਿਟਕਾਰ ਦੇ ਬਚਨ ਆਪ-ਮੁਹਾਰੇ ਨਿਕਲੇ ; ਪਰ ਇਸ ਦੇ ਵਿਪਰੀਤ ਸੁਰ ਲੋਕ ਵਿੱਚ ਅਥਾਹ ਸ਼ਰਧਾ ਭਰਪੂਰ ਸਵਾਗਤ ਹੋਇਆ ਤੇ ਉਪਕਾਰ ਭਰੀ ਬੇਗਰਜ਼ ਸ਼ਹਾਦਤ ਦੇ ਸਨਮਾਨ ਵਜੋਂ 'ਜੈ ਜੈਕਾਰ' ਦੀਆਂ ਧੁਨੀਆਂ ਨਾਲ ਸਮੂਹ ਪੁਰੀਆਂ ਤੇ ਲੋਕ ਗੂੰਜਣ ਲੱਗ ਪਏ—

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥੧੬॥ (ਬਚਿਤ੍ਰ ਨਾਟਕੀ, ਧਿਆਇ ੫)

ਰੱਬੀ ਨੂਰ ਤੇ ਹੋਏ ਬੇਅੰਤ ਤਸੀਹੇ ਤੇ ਇਸ ਦਰਦਨਾਕ ਸਾਕੇ ਨੂੰ ਤੱਕ ਕੇ ਕਾਦਰ ਦੀ ਕੁਦਰਤ ਦਾ, ਰੋਸ ਵਜੋਂ ਅਸਾਧਾਰਣ ਰੂਪ ਤੱਕਣ ਵਿਚ ਆਇਆ। ਹਜ਼ੂਰ ਦੇ ਪਾਵਨ ਸਰੀਰ ਦੀ, ਮੁਗਲ ਹਕੂਮਤ ਨਿਰਾਦਰੀ ਨ ਕਰੇ, ਅਗੰਮੀ ਕਲਾ ਕਰਾਮਾਤ ਦੇ ਰੂਪ ਵਿੱਚ ਵਰਤ ਗਈ। ਝੱਖੜ ਅੰਧੇਰੀ ਤੇ ਤੂਫ਼ਾਨ ਨੇ ਚਾਂਦਨੀ ਚੌਕ ਦਾ ਇਲਾਕਾ ਆਪਣੇ ਘੇਰੇ ਵਿੱਚ ਲੈ ਲਿਆ। ਦੈਵੀ ਗੁਪਤ ਪ੍ਰੇਰਨਾ ਨੇ ਪਿਆਰੇ ਗੁਰਸਿੱਖਾਂ ਨੂੰ ਸਾਹਸੀ ਤੇ ਬਲਵਾਨ ਬਣਾ ਕੇ ਬਿਖਮ ਘਾਲ ਕਰਨ ਦਾ ਉੱਦਮ ਬਖਸ਼ਿਆ। ਇਸ ਅਫਰਾ ਦਫਰੀ ਵਿਚ ਮਹਾਰਾਜ ਦਾ ਪਾਵਨ ਸੀਸ, ਭਾਈ ਜੈਤਾ ਨੇ ਉਠਾ ਕੇ ਆਨੰਦਪੁਰ ਸਾਹਿਬ ਪਹੁੰਚਾ ਦਿੱਤਾ। ਪਾਵਨ ਧੜ ਦੀ ਸੇਵਾ ਕਰਨ ਦਾ ਮਾਣ ਭਾਈ ਲਖੀ ਸ਼ਾਹ ਵਣਜਾਰੇ ਨੂੰ ਪ੍ਰਾਪਤ ਹੋਇਆ, ਜਿਸ ਨੇ ਰਕਾਬਗੰਜ ਵਿਚ ਸਸਕਾਰ ਕਰਨ ਦੀ ਆੜ ਵਿਚ ਆਪਣੇ ਘਰ ਨੂੰ ਵੀ ਅੱਗ ਲਾ ਕੇ ਭਸਮ ਕਰ ਦਿੱਤਾ। ਇਹ ਕੌਤਕ ਕਰਾਮਾਤ ਤੋਂ ਘੱਟ ਨਹੀਂ ਸੀ। ਔਰੰਗਜ਼ੇਬ ਦਾ ਸਾਰਾ ਮਿਥਿਆ ਹੋਇਆ ਪ੍ਰੋਗਰਾਮ ਭੰਗ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਦੀ ਨਿਸ਼ਕਾਮ ਸ਼ਹਾਦਤ ਦੇ ਪ੍ਰਤੀਕਰਮ ਤੋਂ ਔਰੰਗਜ਼ੇਬ ਦਾ ਭਵਿੱਖ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕਿਆ। ਜਿਸ ਧਰਤੀ ਤੇ ਹਜ਼ੂਰ ਦਾ ਖ਼ੂਨ ਡੁੱਲ੍ਹਿਆ, ਉਸ ਧਰਤੀ ਤੇ ਔਰੰਗਜ਼ੇਬ ਜ਼ਿਆਦਾ ਦੇਰ ਰੁੱਕ ਨਹੀਂ ਸਕਿਆ। ਅੰਤ ਨੂੰ ਉਹ ਸਮਾਂ ਭੀ ਆਇਆ ਜਦ ਉਸ ਨੇ ਅਨੁਭਵ ਕੀਤਾ ਤੇ ਸਵੀਕਾਰ ਕੀਤਾ ਕਿ ਉਸ ਨੇ ਆਪਣਾ ਜੀਵਨ ਬੇਗੁਨਾਹਾਂ ਤੇ ਨਿਰਦੋਸ਼ਾਂ ਦੇ ਖ਼ੂਨ ਨਾਲ ਰੰਗਿਆ ਹੈ ਤੇ ਕਿਆਮਤ ਦੇ ਦਿਨ ਉਹ ਮੁਜਰਮ ਦੀ ਹੈਸੀਅਤ ਵਿਚ ਖੜਾ ਹੋਵੇਗਾ।

ਭਾਰਤ ਦੇ ਵਸਨੀਕਾਂ ਨੂੰ ਏਨੀ ਸੋਝੀ ਜ਼ਰੂਰ ਹੋਈ ਕਿ ਸਾਡਾ, ਅਨਾਥਾਂ ਦਾ, ਨਿਮਾਣਿਆਂ ਦਾ, ਸੰਸਾਰ ਵਿਚ ਕੋਈ ਹੈ। ਇਸ ਭਾਵਨਾ ਅਧੀਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਨੂੰ ਹਿੰਦ ਦੀ ਚਾਦਰ ਕਹਿ ਕੇ ਪੁਕਾਰਿਆ ਜਾਂਦਾ ਹੈ। ਹੈ ਵੀ ਠੀਕ, ਜਿਵੇਂ ਚਾਦਰ ਕਿਸੇ ਵਿਅਕਤੀ ਦੇ ਸਰੀਰ ਨੂੰ ਢੱਕਦੀ ਹੈ, ਪਾਲੇ ਕੱਕਰ ਤੋਂ ਬਚਾਂਦੀ ਹੈ, ਤਿਵੇਂ ਹੀ ਗੁਰਦੇਵ ਜੀ ਨੇ ਹਿੰਦ ਨੂੰ ਮੁਗਲ ਹਕੂਮਤ ਦੇ ਜਬਰੀ ਧਰਮ ਪ੍ਰੀਵਰਤਨ ਤੋਂ ਬਚਾਇਆ ਤੇ ਇਸ ਦੇ ਬਦਲੇ ਆਪਣਾ ਖ਼ੂਨ ਪਰਦਾਨ ਕੀਤਾ ਹੈ।

ਮਹਾਨ ਕੁਰਬਾਨੀ ਦਾ ਰੰਗ ਸਿਦਕੀ ਸਿੱਖਾਂ ਦੇ ਮਨਾਂ ਉੱਤੇ ਚੜ੍ਹਿਆ ਪਰਤੱਖ ਦਿਸਦਾ ਹੈ, ਜਦ ਕੁਝ ਸਮਾਂ ਬਾਅਦ ਇੱਕ ਸਿੱਖ ਨੇ ਗੁੱਸੇ ਤੇ ਬੀਰ ਰਸ ਦੀ ਭਾਵਨਾ ਅਧੀਨ ਜਾਮਾ ਮਸਜਿਦ ਵਿਚ ਔਰੰਗਜ਼ੇਬ ਨੂੰ ਪੱਥਰ ਜਾਂ ਇੱਟ ਮਾਰਨ ਦੀ ਜੁਰਅਤ ਕੀਤੀ। ਉਸ ਦੀ ਜਾਨ ਤਾਂ ਬਚ ਗਈ, ਪਰ ਇਹ ਸਪੱਸ਼ਟ ਹੋ ਗਿਆ ਕਿ ਸਿੱਖ ਕੌਮ ਹੁਣ ਆਰਾਮ ਨਾਲ ਨਹੀਂ ਬੈਠੇਗੀ, ਨਾ ਬੈਠਣ ਦੇਵੇਗੀ।

ਇਸ ਮਹਾਂ ਬਲੀਦਾਨ ਨੇ ਬਾਲਾ ਪ੍ਰੀਤਮ ਗੋਬਿੰਦ ਰਾਇ ਨੂੰ ਸਿੱਖੀ ਦੀ ਰੂਪ-ਰੇਖਾ ਤੇ ਫ਼ਿਲਾਸਫ਼ੀ ਨੂੰ ਨਵੇਂ ਰੂਪ ਵਿੱਚ ਢਾਲਣ ਲਈ ਪ੍ਰੇਰਤ ਕੀਤਾ। ਆਪ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਗੁਰਸਿੱਖਾਂ ਦੀ ਸੋਚਣੀ, ਰਹਿਣੀ ਬਹਿਣੀ ਤੇ ਕਹਿਣੀ ਵਿੱਚ ਜ਼ਬਰਦਸਤ ਇਨਕਲਾਬ ਲਿਆਉਣ ਲਈ ਉਚਿਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਬੇਸ਼ਕ ਇਸ ਤਰ੍ਹਾਂ ਦਾ ਇਨਕਲਾਬ ਪੰਚਮ ਪਾਤਸ਼ਾਹ ਦੀ ਸ਼ਹਾਦਤ ਬਾਅਦ ਵੀ ਆਇਆ


www.AKJ.Org

ਸੀ, ਪਰ ਹੁਣ ਦਸਮੇਸ਼ ਪਿਤਾ ਜੀ ਨੇ ਗੁਰਸਿੱਖੀ ਨੂੰ ਅੰਤਮ ਛੁਹ ਦੇ ਕੇ ਅੰਮ੍ਰਿਤ ਛਕਾਉਣ, ਖਾਲਸਾ ਸਜਾਉਣ ਤੇ ਪੰਜਾਂ ਪਿਆਰਿਆਂ ਵਿਚ ਆਪਣੀ ਜੋਤਿ ਪਰਵੇਸ਼ ਕਰ ਕੇ ਨਾਮ ਦੇਣ ਦਾ ਅਧਿਕਾਰੀ ਬਣਾਉਣਾ ਸੀ।

ਵਿਸ਼ਾਲ ਮੁਗਲ ਸਾਮਰਾਜ ਨਾਲ ਟੱਕਰ ਅਰੰਭ ਹੋ ਗਈ। ਹਜ਼ੂਰ ਦੇ ਚਾਰੇ ਸਾਹਿਬਜ਼ਾਦਿਆਂ ਨੇ (ਵੱਡਿਆਂ ਨੇ ਚਮਕੌਰ ਦੀ ਗੜ੍ਹੀ ਵਿਚ ਤੇ ਛੋਟਿਆਂ ਨੇ ਸਰਹਿੰਦ ਦੀ ਦੀਵਾਰ ਵਿਚ) ਜੂਝਣ ਸਮੇਂ ਆਪਣੇ ਦਾਦਾ ਜੀ ਨੂੰ ਸਨਮੁਖ ਤੱਕਦਿਆਂ ਹੱਸ ਹੱਸ ਕੇ ਆਪਾ ਵਾਰਿਆ। ਇਸ ਬਾਅਦ ਕਈ ਸਾਲਾਂ ਦੇ ਸੰਘਰਸ਼ ਪਿਛੋਂ ਖਾਲਸੇ ਨੇ ਮੁਗਲ ਹਕੂਮਤ ਦਾ ਬੀਜ ਨਾਸ ਕਰ ਕੇ ਹੀ ਸਾਹ ਲਿਆ।

ਖਾਲਸਾ ਸਜਾਉਣ ਦਾ ਮਹਾਨ ਸਮਾਗਮ ਅੱਜ ਤੋਂ ੨੯੩ ਸਾਲ ਪਹਿਲਾਂ ਰਚਿਆ ਸੀ। ਏਨੇਂ ਲੰਮੇ ਸਮੇਂ ਵਿੱਚ ਬੇਅੰਤ ਘਟਨਾਵਾਂ ਵਾਪਰੀਆਂ। ਸਿੱਖ ਕੌਮ ਜੰਗਜੂ ਕੌਮ (*Martial Race*) ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਈ। ਇਸ ਨੇ ਸਿੱਖ ਰਾਜ ਸਥਾਪਤ ਕਰ ਕੇ ਇਨਸਾਨੀਅਤ ਤੇ ਸਾਂਝੀਵਾਲਤਾ ਦਾ ਨਮੂਨਾ ਪੇਸ਼ ਕੀਤਾ। ਜਿਸ ਸੁਨਹਿਰੀ ਮਸਜਿਦ ਤੋਂ ਸ਼ਹਾਦਤ ਦਾ ਜਾਮ ਪਿਲਾਉਣ ਦਾ ਫ਼ੁਰਮਾਨ ਜਾਰੀ ਹੋਇਆ ਸੀ, ਉਸ ਦਾ ਸੁੰਗੜਿਆ ਹੋਇਆ ਆਕਾਰ ਹੁਣ ਸ੍ਰੀ ਸੀਸ ਗੰਜ ਗੁਰ-ਅਸਥਾਨ ਕੋਲ ਦੇਖਿਆ ਜਾ ਸਕਦਾ ਹੈ।

ਜਿਸ ਮੁਤਅੱਸਬੀ ਜਾਬਰ ਬਾਦਸ਼ਾਹ ਨੇ ਸਤਿਗੁਰੂ ਦੇ ਸਰੀਰਕ ਸਰੂਪ ਨਾਲ ਖ਼ੂਨ ਦੀ ਹੋਲੀ ਖੇਲੀ, ਉਸ ਦਾ ਅੰਤ ਔਰੰਗਾਬਾਦ ਵਿਚ ਬਹੁਤ ਦੁਖਦਾਈ ਤੇ ਪਛਤਾਵੇ ਭਰਪੂਰ ਹੋਇਆ। ਆਲਮਗੀਰ ਹੁਕਮਰਾਨ ਦਾ ਬੁਢਾਪਾ ਭੀ ਵੈਰੀ ਬਣ ਗਿਆ। ਬੇਬਸੀ ਤੇ ਲਾਚਾਰਗੀ ਦੀ ਹਾਲਤ ਵਿਚ ਕੋਈ ਅਜ਼ੀਜ਼ (ਪਿਆਰਾ) ਕੋਲ ਨਹੀਂ ਸੀ, ਜਿਹੜਾ ਪਾਣੀ ਦਾ ਘੁੱਟ ਪਿਲਾ ਸਕੇ। ਅੰਤ ਨੂੰ ਇੱਕ ਛੁੱਟੜ ਰੋਗੀ ਵਾਂਗਰ ਦੁਨੀਆ ਤੋਂ ਕੂਚ ਕਰ ਗਿਆ। ਹੁਣ ਉਸ ਦੀ ਕਬਰ ਤੇ ਸਤਿਕਾਰ ਸਹਿਤ ਚਰਾਗ ਜਗਾਉਣ ਵਾਲਾ ਕੋਈ ਨਹੀਂ, ਜੇ ਕੋਈ ਹੈ ਤਾਂ ਤੇਲ ਲਈ ਪੈਸੇ ਪੈਸੇ ਦਾ ਮੁਹਤਾਜ ਹੈ।

ਸੱਚੇ ਸਾਹਿਬ ਗੁਰਦੇਵ ਜੀ! ਧੰਨ ਧੰਨ ਹੈ ਆਪ ਦੀ ਉਪਕਾਰ ਭਰੀ ਕੁਰਬਾਨੀ। ਜਿਸ ਧਰਤੀ ਤੇ ਆਪ ਜੀ ਦਾ ਪਾਵਨ ਖ਼ੂਨ ਡੁੱਲ੍ਹਿਆ, ਉਸ ਥਾਂ ਤੇ ਵਿਸ਼ਾਲ ਗੁਰਦੁਆਰਾ, ਸੀਸ ਗੰਜ ਸਾਹਿਬ ਸ਼ੁਸ਼ੋਭਿਤ ਹੈ। ਇਹ ਐਸਾ ਸਰਬ-ਸਾਂਝਾ ਸੱਚਾ ਦਰਬਾਰ ਹੈ ਜਿਥੇ ਹਰੇਕ ਵਰਗ ਦਾ ਸ਼ਰਧਾਲੂ ਪਾਵਨ ਧਰਤੀ ਦੀ ਚਰਨ-ਧੂੜੀ ਪਰਸਣ ਲਈ ਹਾਜ਼ਰੀ ਭਰਦਾ ਹੈ, ਦੁਨਿਆਵੀ ਬਖਸ਼ਸ਼ ਤੇ ਆਤਮ ਕਲਿਆਣ ਦੀ ਦਾਤਿ ਨਾਲ ਦਾਮਨ ਭਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਦਾ ਹੈ। ਦਸਮੇਸ਼ ਪਿਤਾ ਦੇ ਅਮੁੱਲ ਬਚਨ ਭੂਤ ਭਵਿੱਖ ਵਰਤਮਾਨ ਵਿੱਚ ਸੱਤ ਤੇ ਅਟੱਲ ਹਨ—

ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ॥

---

## ਨੋਟ—

(1) ਕੈਨੇਡਾ, ਅਮਰੀਕਾ ਅਤੇ ਮਲੇਸ਼ੀਆ ਆਦਿ ਦੇਸ਼ਾਂ ਵਿਚ ਸਮੁੰਦਰੀ ਡਾਕ ਰਾਹੀਂ ਜਿਨ੍ਹਾਂ ਪਾਠਕਾਂ ਨੂੰ ਸੂਰਾ ਮਾਸਕ ਪੱਤਰ ਹੁਣ ਤਕ ਪੁਜਦਾ ਰਿਹਾ ਹੈ; ਉਹ ਭਾਈ ਜੀਵਨ ਸਿੰਘ ਜੀ ਰਾਗੀ ਅਮਰੀਕਾ ਵਲੋਂ ਲਗਵਾਇਆ ਗਿਆ ਸੀ। ਜਿਹੜੇ ਪਾਠਕ ਇਸ ਪਰਚੇ ਨੂੰ ਅਗ੍ਹੋਂ ਜਾਰੀ ਰਖਣਾ ਚਾਹੁੰਦੇ ਹੋਣ ਉਹ ਸਮੁੰਦਰੀ ਜਾਂ ਹਵਾਈ ਡਾਕ ਚੰਦੇ ਭੇਜ ਕੇ ਜਾਰੀ ਰਖਵਾ ਸਕਦੇ ਹਨ।

(2) ਸੂਰਾ ਮੰਥਲੀ ਨੂੰ ਭੇਜੇ ਜਾਣ ਵਾਲੇ ਚੈਕ, ਡਰਾਫਟ ਅੰਮ੍ਰਿਤਸਰ ਦੇ ਬੈਂਕਾਂ ਦੇ ਨਾਮ ਹੀ ਹੋਣੇ ਚਾਹੀਦੇ ਹਨ। ਜੇ ਕਿਸੇ ਮਜਬੂਰੀ ਵਿਚ ਕਿਸੇ ਦੂਸਰੇ ਸ਼ਹਿਰ ਦੇ ਬੈਂਕ ਦੇ ਨਾਮ ਹੋਣ ਤਾਂ ਉਸ ਅਸਲ ਰਕਮ ਵਿਚ ਬੈਂਕ-ਕਟੌਤੀ-ਫ਼ੀਸ ਵਾਧੂ ਜਮ੍ਹਾ ਕੀਤੀ ਜਾਵੇ ਜੀ, ਜੋ ਕਿ ਰਕਮ ਦੇ ਮੁਤਾਬਕ 10, 20 ਜਾਂ 50 ਰੁਪਏ ਤਕ ਹੋ ਸਕਦੀ ਹੈ।



www.AKJ.Org

# ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ

[ਸ: ਸੰਗਤ ਸਿੰਘ 'ਹੀਰਾ' 237-ਨਹਿਰੂ ਵਿਹਾਰ, ਦਿੱਲੀ 54]

੧੧ ਨਵੰਬਰ ੧੬੭੫ ਨੂੰ ਚਾਂਦਨੀ ਚੌਕ ਦਿੱਲੀ ਤੋਂ ਭਾਈ ਜੈਤਾ ਜੀ ਤੇ ਉਹਨਾਂ ਦੇ ਸਾਥੀਆਂ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿਤਰ ਸੀਸ ਲੈ ਕੇ ਹਨੇਰੇ ਵਿਚ ਛੁਪ-ਛੁਪਾਂਦੇ ਹੋਏ, ਪਾਨੀਪਤ ਤੇ ਕਰਨਾਲ ਹੁੰਦੇ ਹੋਏ, ਤਰਾਵੜੀ ਇਕ ਗੁਰਸਿੱਖ ਦੇ ਘਰ ਪਹੁੰਚ ਕੇ ਬਿਸਰਾਮ ਕੀਤਾ। ਅੰਮ੍ਰਿਤ ਵੇਲੇ ਸੀਸ ਲੈ ਕੇ ਅੰਬਾਲਾ ਸ਼ਹਿਰ ਪੁੱਜੇ। ਅੰਬਾਲਾ ਤੋਂ ਨਾਭਾ ਪਿੰਡ (ਤਹਿਸੀਲ ਰਾਜਪੁਰਾ ਥਾਣਾ ਲਾਲੜ) ਵਲ ਤੁਰ ਪਏ। ਉਥੇ ਕੁਝ ਸਮਾਂ ਬਿਸਰਾਮ ਕੀਤਾ (ਜਿਸ ਪਾਸ ਟਿਕੇ ਸਨ, ਉਹ ਇਕ ਮੁਸਲਮਾਨ ਫ਼ਕੀਰ ਸੀ)। ਇਥੋਂ ਚਲ ਕੇ ਸਿਧੇ ਪਾਵਨ ਨਗਰੀ ਕੀਰਤਪੁਰ ਸਾਹਿਬ, ਜੋ ਲਗ-ਪਗ ੫੫ ਮੀਲ ਦੂਰ ਹੈ, ਜਾ ਦਮ ਲਿਆ। ਬੜੇ ਆਦਰ ਨਾਲ ਸੀਸ ਟਿਕਾ ਕੇ ਭਾਈ ਅੱਡਾ ਜੀ ਅਨੰਦਪੁਰ ਸਾਹਿਬ ਖ਼ਬਰ ਦੇਣ ਗਏ। ਓਥੋਂ ਦੀ ਸੰਗਤ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕਿਰਪਾਲ ਚੰਦ ਜੀ ਅਤੇ ਬਾਲ ਗੋਬਿੰਦ ਰਾਇ (ਗੁਰੂ) ਜੀ ਨੂੰ ਨਾਲ ਲੈ ਕੇ ਪੁਜੇ।

ਕੀਰਤਪੁਰ ਇਸ ਲਈ ਸੀਸ ਟਿਕਾਇਆ ਜਾਪਦਾ ਸੀ ਕਿਉਂ ਕਿ ਉਥੇ ਪਾਤਾਲਪੁਰੀ ਹੀ ਗੁਰੂ ਹਰਿ-ਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿ ਰਾਇ ਜੀ ਦੇ ਅੰਗੀਠੇ ਸਨ, ਇਹ ਪੁਛਣਾ ਜ਼ਰੂਰੀ ਸਮਝਿਆ ਕਿ ਸਸਕਾਰ ਕੀਰਤਪੁਰ ਤਾਂ ਨਹੀਂ ਕਰਨਾ। ਪ੍ਰੰਤੂ ਦਸਮੇਸ਼ ਗੁਰੂ ਜੀ ਨੇ ਅਨੰਦਪੁਰ ਸਾਹਿਬ ਹੀ ਸਸਕਾਰ ਕਰਨ ਦਾ ਫ਼ੈਸਲਾ ਕੀਤਾ ਅਤੇ ਸੰਗਤਾਂ ਕੀਰਤਨ ਕਰਦੀਆਂ ਸੀਸ ਨੂੰ ਅਨੰਦਪੁਰ ਸਾਹਿਬ ਲੈ ਆਈਆਂ। ਸੀਸ ਨੂੰ ਗੁਲਾਬ ਦੇ ਜਲ ਨਾਲ ਧੋਤਾ ਅਤੇ ਚੰਦਨ ਦੀ ਚਿਖਾ ਤੇ ਰੱਖ ਕੇ ਸਸਕਾਹ ਕੀਤਾ ਗਿਆ। ਅੱਜ ਓਥੇ ਗੁਰਦਵਾਰਾ ਸੀਸ ਗੰਜ ਸਾਹਿਬ ਸਸ਼ੋਭਤ ਹੈ।

ਸ਼ਹੀਦੀ ਹੋਣ ਤੋਂ ਤਿੰਨ ਦਿਨ ਬਾਅਦ ਉਥੇ ਸੀਸ ਪੁੱਜਾ ਸੀ। ਕਿਹਾ ਚੰਗਾ ਹੋਵੇ ਜੇ ਸਿਖ ਸੰਗਤਾਂ ਹਰ ਸਾਲ ਸ਼ਹੀਦੀ ਤੋਂ ਤਿੰਨ ਦਿਨ ਬਾਅਦ ਬਿਰਹੋਂ ਬੈਰਾਗ ਦੀ ਬਾਣੀ ਅਲਾਪਦੀਆਂ, ਨਗਰ ਕੀਰਤਨ ਦੀ ਸ਼ਕਲ ਵਿਚ ਕੀਰਤਪੁਰ ਸਾਹਿਬ ਤੋਂ ਚਲ ਕੇ ਅਨੰਦਪੁਰ ਸਾਹਿਬ ਗੁਰਦਵਾਰਾ ਸੀਸ ਗੰਜ ਵਿਚ ਪੁਜ ਕੇ ਸਤਿਗੁਰੂ ਜੀ ਨੂੰ ਸਹੀ ਸ਼ਰਧਾਂਜਲੀ ਪੇਸ਼ ਕੀਤਾ ਕਰਨ।

---

# ਅਮਰ ਸ਼ਹੀਦ ਨੌਵੇਂ ਪਾਤਸ਼ਾਹ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਗੁੜਗਾਉਂ]

ਦੇਗ ਤੇਗ ਧਨੀ ਨੌਵੇਂ ਪਾਤਸ਼ਾਹ ! ਸਾਨੀ ਤੇਰਾ, ਅੱਜ ਤੀਕ ਆਇਆ ਨਹੀਂ ਕੋਈ ਸੰਸਾਰ ਤੇ।
ਹਿੰਦੂ ਕੌਮ ਹੋਈ ਸੀ ਨਿਮਾਣੀ ਤੇ ਨਿਤਾਣੀ ਜਦੋਂ, ਗੜੇ-ਮਾਰ ਹੋ ਰਹੀ ਸੀ ਏਸ ਦੀ ਬਹਾਰ ਤੇ।
ਰਿਸ਼ੀ ਮੁਨੀ ਸਾਧ ਸੰਤ ਚੁਪ ਚਾਪ ਵੇਖਦੇ ਸੀ, ਕਿਸੇ ਨੂੰ ਨਾ ਤਰਸ ਆਇਆ ਏਸ ਦੁਖਿਆਰ ਤੇ।
ਬਾਹ ਫੜੀ ਦੁਖੀਆਂ ਦੀ, ਹੰਝੂ ਪੂੰਝ ਰੋਂਦਿਆਂ ਦੇ, ਧਰਮ-ਨਾਵ ਡੁਬਦੀ ਬਚਾਈ ਆਪਾ ਵਾਰ ਕੇ।੧।
ਤੇਰੀ ਕੁਰਬਾਨੀ ਰੰਗ ਲਾਇਆ ਜਗ ਡਿੱਠਾ,ਚਲ ਪਿਆ ਸ਼ਹੀਦੀਆਂ ਦਾ ਦੌਰ ਅਣਖ ਆਣ ਲਈ।
ਬੰਦ ਬੰਦ ਕਟਾਏ, ਕਿਸੇ ਖੋਪਰੇ ਲੁਹਾਏ, ਕਈ ਚਰਖੀਆਂ ਤੇ ਰਾਖੀ ਧਰਮ ਸ੍ਵੈਮਾਨ ਲਈ।
ਬੀਰਤਾ ਦੇ ਸੁੱਤੇ ਅਰਮਾਨਾਂ ਅੰਗੜਾਈ ਲਈ, ਦਸਮ ਪਿਤਾ ਤੇਗ ਫੜੀ ਧਰਮ ਨੂੰ ਬਚਾਣ ਲਈ।
ਜੜ੍ਹੋਂ ਪੁਟ ਦਿੱਤਾ ਮੁਗਲ ਰਾਜ ਸੱਤਾਂ ਪੀੜ੍ਹੀਆਂ ਦਾ, ਸੁਖ ਦੇ ਦਿਹਾੜੇ ਆਏ 'ਮਿੱਤਰ' ਹਿੰਦੁਸਤਾਨ ਲਈ।੨।
ਚਾਹੀਦਾ ਸੀ ਦਿਨ ਇਹ ਸ਼ਹੀਦੀ ਹਿੰਦੂ ਵੀਰ ਸਾਰੇ, ਹੋਇ ਕੇ ਇਕੱਠੇ ਸਾਰੇ ਮੰਦਰਾਂ ਚਿ ਮਨਾਂਵਦੇ।
ਕਰਦੇ ਸ਼ੁਕਰਾਨ ਰਲ ਨੌਵੇਂ ਗੁਰ ਨਾਨਕ ਦਾ, ਸ਼ਰਧਾ ਦੇ ਫੁੱਲ ਸ਼ਹੀਦ ਗੁਰੂ ਨੂੰ ਚੜ੍ਹਾਉਂਦੇ।
ਜਿਨ੍ਹੇ ਹਿੰਦੂ ਧਰਮ ਵਾਲੀ ਬੇੜੀ ਕੱਢੀ ਕਪਰਾਂ ਚੋਂ, ਉਸ ਮਹਾਨ ਗੁਰੂ ਜੀ ਦੀ ਸਿਫਤ ਸਾਰੇ ਗਾਂਵਦੇ।
ਰਹਿ ਗਿਆ ਏ ਸਿਖ ਕੌਮ ਲਈ ਇਹ ਸ਼ਹੀਦੀ ਪੁਰਬ,ਹਰ ਥਾਂ ਗੁਰਦੁਆਰਿਆਂ ਚਿ ਇਕਤ੍ਰ ਹੋ ਮਨਾਂਵਦੇ।੩।



www.AKJ.Org

## ਸ੍ਰੀ ਨਨਕਾਣਾ ਸਾਹਿਬ ਤੇ ਹੋਰ

# ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

'ਪੰਜਾਬ ਜੀਂਦਾ ਗੁਰਾਂ ਦੇ ਨਾਮ ਤੇ'। ਪੰਜਾਬ ਦੀ ਜੀਵਨ-ਕਲਾ ਗੁਰੂ ਕੇਂਦ੍ਰਿਤ ਹੈ। ਪਰ, ਜੋ ਪੰਜਾਬ ਗੁਰੂ ਦੇ ਨਾਮ ਤੇ ਜੀਊਂਦਾ ਵਸਦਾ ਸੀ, ਉਹ ੧੯੪੭ ਈ: ਵਿਚ ਵੰਡਿਆ ਗਿਆ। ਇਹ ਵੰਡ ਹੋਈ ਤਾਂ ਭਾਰਤ ਦੀ ਸੀ। ਹਿੰਦੂ ਭਾਰਤ (ਹਿੰਦੁਸਤਾਨ) ਮੁਸਲਮਾਨ ਭਾਰਤ (ਪਾਕਿਸਤਾਨ) ਅੱਡ ਅੱਡ ਹੋ ਗਏ। ਸਿੱਖਾਂ ਹਿੰਦੂ ਭਾਰਤ ਦਾ ਸਾਥ ਦਿੱਤਾ ਤੇ ਮੁਸਲਮਾਨਾਂ ਦੇ ਇਲਾਕੇ ਵਿਚੋਂ ਕੱਢ ਦਿੱਤੇ ਗਏ। ਇਥੋਂ ਇਸ ਕੌਮ ਦੀ ਰਾਜਸੀ ਬਦ-ਕਿਸਮਤੀ ਦਾ ਮੁਢ ਬੱਝਾ। ਰਾਜਸੀ ਧ੍ਰੋਹ ਨੇ ਇਸ ਸਿੱਧੀ ਸਾਦੀ ਕੌਮ ਦੀ ਆਜ਼ਾਦਾਨਾ ਹਸਤੀ ਨੂੰ ਸੰਕਟ ਵਿਚ ਪਾ ਦਿੱਤਾ। ਇਹ ਦਰਦ ਤਾਂ ਕਿਸੇ ਮਨਾਇਆ ਹੈ, ਕਿਸੇ ਨਹੀਂ; ਪਰ, ਜੋ ਦਰਦ ਸਮੁੱਚੀ ਕੌਮ ਦੇਸ ਦੀ ਵੰਡ ਤੋਂ ਲਗਾਤਾਰ ਮਨਾਉਂਦੀ ਆ ਰਹੀ ਹੈ, ਉਹ ਹੈ ਆਪਣੇ ਪਵਿੱਤਰ ਗੁਰਦੁਆਰਿਆਂ*, ਗੁਰ-ਅਸਥਾਨਾਂ ਤੋਂ ਵਿਛੜਨ ਦਾ। ਹਿੰਦੁਸਤਾਨ ਨਾਲ ਆਪਣੀ ਕਿਸਮਤ ਜੋੜਨ ਦੇ ਪਰਿਣਾਮ ਸਰੂਪ ਸਿਖ ਅੱਧੇ ਪੰਜਾਬ ਵਿਚੋਂ ਬੇਦਖ਼ਲ ਹੋ ਗਏ—ਉਸ ਅੱਧੇ ਪੰਜਾਬ 'ਚੋਂ, ਜੋ ਪੰਜਾਬ ਵਿਚ ਚਲਿਆ ਗਿਆ। ਪੰਜਾਬ ਦੇ ਜਿਸ ਭਾਗ ਉਤੇ ਕਦੇ ਖ਼ਾਲਸੇ ਦਾ ਰਾਜ ਸੀ, ਉਥੋਂ ਹੀ ਖ਼ਾਲਸਾ ਦੇਸ-ਬਦਰ ਹੋ ਗਿਆ, ਤੇ ਉਹਨਾਂ ਪਵਿਤਰ ਗੁਰ-ਅਸਥਾਨਾਂ ਤੇ ਗੁਰਦੁਆਰਿਆਂ ਤੋਂ ਵਿਛੜ ਗਿਆ ਜੋ ਪੱਛਮੀ ਪੰਜਾਬ ਵਿਚ ਸਨ।

ਨਨਕਾਣਾ ਸਾਹਿਬ, ਜਿਥੇ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ ਤੇ ਜੋ ਗੁਰੂ ਬਾਬੇ ਦੀ ਛੁਹ ਕਾਰਨ ਰਾਏ ਭੋਇ ਦੀ ਤਲਵੰਡੀ ਤੋਂ ਨਨਕਾਣਾ ਬਣਿਆ, ਜਿਥੋਂ ਦੀ ਵਸੋਂ ਆਪਣੇ ਆਪ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਕਿਰਾਏਦਾਰ ਮੰਨਦੀ ਸੀ, ਤੇ ਜਿਥੋਂ ਦਾ ਦਰਸ਼ਨ ਦੀਦਾਰ ਹਰ ਸਿਖ ਦੀ ਅਭਿਲਾਖਾ ਸੀ ਪੰਥ ਪਾਸੋਂ ਵਿਛੜ ਗਿਆ। ਮੁਸਲਮਾਨ ਰਾਏ ਬੁਲਾਰ ਦੀ ਵੰਸ਼, ਜੋ ਅਜੇ ਵੀ ਉਥੇ ਰਹਿੰਦੀ ਹੈ, ਉਥੋਂ ਦੀ ਪਾਵਨ ਮਿੱਟੀ ਦਾ ਉਵੇਂ ਹੀ ਸਤਿਕਾਰ ਕਰਦੀ ਹੈ। ਪਰ, ਪੰਥ ਨੂੰ ਵਡਾ ਦਰਦ ਇਹ ਹੈ ਕਿ ਇਸ ਗੁਰ-ਅਸਥਾਨ ਦੀ ਸੇਵਾ-ਸੰਭਾਲ ਹੁਣ ਉਹ ਆਪ ਨਹੀਂ ਕਰ ਸਕਦੇ।

ਕੇਵਲ ਜਨਮ ਅਸਥਾਨ ਹੀ ਨਹੀਂ, ਨਨਕਾਣਾ ਸਾਹਿਬ ਵਿਚ ਸਤਿਗੁਰਾਂ ਦੀ ਪਾਵਨ ਛੁਹ-ਪ੍ਰਾਪਤ ਹੋਰ ਗੁਰਦੁਆਰੇ ਵੀ ਹਨ: ਗੁਰਦੁਆਰਾ ਬਾਲ ਲੀਲ੍ਹਾ, ਜਿਥੇ ਬਚਪਨ ਵਿਚ ਗੁਰੂ ਬਾਬਾ ਆੜੀਆਂ ਨਾਲ ਖੇਡਿਆ; ਗੁਰਦੁਆਰਾ ਪੱਟੀ ਸਾਹਿਬ, ਜਿਥੇ ਪਾਂਧੇ ਪਾਸ ਬੈਠ ਸਤਿਗੁਰਾਂ ਪੱਟੀ ਲਿਖੀ; ਗੁਰਦੁਆਰਾ ਮਾਲ ਜੀ ਸਾਹਿਬ, ਜਿਥੇ ਬਾਬੇ ਗਾਈਆਂ ਮੱਝਾਂ ਚਾਰੀਆਂ; ਗੁਰਦੁਆਰਾ ਕਿਆਰਾ ਸਾਹਿਬ, ਜਿਥੇ ਮਾਲ ਪਾਸੋਂ ਉਜੜਿਆ ਖੇਤ ਮੁੜ ਹਰਾ ਹੋਇਆ ਦੱਸੀਦਾ; ਗੁਰਦੁਆਰਾ ਸੱਚਾ ਸੌਦਾ, ਜਿਥੇ ਬਾਬੇ ਨੇ ਭੁੱਖੇ ਸੰਤਾਂ ਨੂੰ ਲੰਗਰ ਛਕਾਉਣ ਦਾ ਸੱਚ-ਵਣਜ ਕੀਤਾ; ਗੁਰਦੁਆਰਾ ਤੰਬੂ ਸਾਹਿਬ, ਜਿਥੇ ਪਿਤਾ ਦੇ ਰੋਸ ਤੋਂ ਡਰਦਿਆਂ ਬਾਬਾ ਲੁਕ ਕੇ ਜਾ ਬੈਠਾ; ਗੁਰਦੁਆਰਾ ਛੇਵੀਂ ਪਾਤਸ਼ਾਹੀ, ਜਿਥੇ ਕਸ਼ਮੀਰ ਤੋਂ ਪਰਤਦਿਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਕਾਮ ਕੀਤਾ।

ਅਜੇ ਕਲ੍ਹ ਦੀ ਹੀ ਗੱਲ ਸੀ ਕਿ ਇਹਨਾਂ ਗੁਰ-ਅਸਥਾਨਾਂ ਤੇ ਕਾਬਜ਼ ਬੇਅਦਬ ਮਹੰਤ ਨਰੈਣੂ ਪਾਸੋਂ ਇਹਨਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਹੱਕ ਪੰਥ ਨੇ ਜਾਨਾਂ ਹੂਲ ਕੇ ਲਿਆ ਸੀ। ਭਾਈ ਲਛਮਣ ਸਿੰਘ, ਦਲੀਪ

* ਗੁਰਦੁਆਰਾ ਉਸ ਅਸਥਾਨ ਜਾਂ ਮੰਦਰ ਦਾ ਨਾਮ ਹੈ ਜਿਥੇ ਜੋਤਿ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਤੇ ਸੰਗਤ ਸ਼ਬਦ-ਗੁਰ ਦੀ ਤਾਬਿਆ, ਨਾਮ ਸਿਮਰਨ, ਕੀਰਤਨ, ਸ਼ਬਦ ਵੀਚਾਰ, ਗੁਰੂ ਮਹਿਮਾ ਜਾਂ ਅਰਦਾਸ ਵਿਚ ਜੁੜੇ ਤੇ ਗੁਰੂ ਦਾ ਹੁਕਮ ਅਥਵਾ ਪ੍ਰਸਾਦਿ ਪ੍ਰਾਪਤ ਕਰੇ। ਇਵੇਂ ਗੁਰਦੁਆਰਿਆਂ ਵਿਚ ਸੰਗਤ ਤੇ ਪੰਗਤ ਰਾਹੀਂ ਗੁਰ-ਮਰਯਾਦਾ ਦਾ ਅਭਿਆਸ ਹੁੰਦਾ ਹੈ। ਗੁਰਦੁਆਰਾ ਕਿਸੇ ਵਿਅਕਤੀ ਦੀ ਜ਼ਾਤੀ ਮਲਕੀਅਤ ਨਹੀਂ ਹੋਂਦਾ, ਸਮੁੱਚੇ ਪੰਥ ਦੀ ਮਲਕੀਅਤ ਹੋਂਦਾ ਹੈ।



www.AKJ.Org

ਸਿੰਘ ਤੇ ਉਹਨਾਂ ਦੇ ਸਾਥੀ ਸ਼ਹੀਦਾਂ ਦੀ ਘਾਲ ਪੰਥਕ ਸਿਮਰਤੀ ਵਿਚ ਅਜੇ ਤਾਜ਼ਾ ਸੀ। ਜੰਡਾਂ ਨਾਲ ਬੰਨ੍ਹ ਕੇ, ਇਹਨਾਂ ਸ਼ਾਂਤਮਈ ਸਿੰਘਾਂ ਦਾ ਸਾੜਿਆ ਜਾਣਾ ਅਜੇ ਤਕ ਪੰਥ ਦੇ ਸੀਨੇ ਦਾ ਰਿਸਦਾ ਨਾਸੂਰ ਸੀ। ਸ਼ਹੀਦਾਂ ਦਾ ਇਹ ਅਸਥਾਨ ਵੀ ਪੰਥ ਤੋਂ ਨਿਖੜ ਗਿਆ।

ਕੇਵਲ ਨਨਕਾਣਾ ਸਾਹਿਬ ਤੋਂ ਹੀ ਨਹੀਂ, ਹੋਰ ਵੀ ਅਨੇਕਾਂ ਥਾਵਾਂ ਦੇ ਗੁਰ-ਅਸਥਾਨਾਂ ਤੋਂ ਪੰਥ ਵਾਂਝਿਆ ਹੋ ਗਿਆ। ਹਸਨ ਅਬਦਾਲ ਦਾ ਗੁਰਦੁਆਰਾ ਪੰਜਾ ਸਾਹਿਬ ਵੀ ਪੰਥ ਕੋਲੋਂ ਖੁਸ ਗਿਆ। ਇਥੇ ਬਾਬੇ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ, ਤੇ ਬਾਬੇ ਦੀ ਮੇਹਰ ਨਾਲ ਫੁਟਿਆ ਸੋਮਾ ਉਥੇ ਅਜੇ ਵੀ ਵਗਦਾ। ਉਥੇ ਹੀ ਸਿੱਖਾਂ ਨੇ ਕੈਦ ਹੋਏ ਗੁਰਸਿੱਖਾਂ ਨੂੰ ਲੰਗਰ ਛਕਾਉਣ ਹਿਤ ਆਪਣੀਆਂ ਛਾਤੀਆਂ ਉਤੋਂ ਰੇਲ ਗੱਡੀ ਲੰਘਵਾਈ।

ਲਾਹੌਰ ਦਾ ਡੇਹਰਾ ਸਾਹਿਬ, ਜਿੱਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ। ਤੱਤੀ ਤਵੀ ਤੇ ਬੈਠਣ ਵਾਲੇ, ਦੇਗਾਂ ਵਿਚ ਉਬਲਣ ਵਾਲੇ, ਸ਼ਾਂਤੀ ਦੇ ਪੁੰਜ ਗੁਰੂ ਨੇ ਜਿਥੇ ਰਾਵੀ ਅੰਤਰ ਅੰਤਿਮ ਇਸ਼ਨਾਨ ਕੀਤਾ। ਜਿੱਥੇ ਹਰ ਸਾਲ ਸੰਗਤਾਂ ਬੇਮਿਸਾਲ ਸ਼ਹੀਦੀ ਜੋੜ-ਮੇਲੇ ਵਿਚ ਜੁੜਦੀਆਂ। ਉਹ ਵੀ ਪੰਥ ਕੋਲੋਂ ਵਿਛੜ ਗਿਆ। ਗੁਰੂ ਅਰਜਨ ਦੇਵ ਜੀ ਦੇ ਪੂਰਨਿਆਂ ਤੇ ਚਲਣ ਵਾਲੇ ਅਨੇਕਾਂ ਸ਼ਹੀਦਾਂ ਦੇ ਸ਼ਹੀਦਗੰਜ ਵੀ ਲਾਹੌਰ ਵਿਚ ਹੀ ਸਨ। ਗੁਰਦੁਆਰਾ ਭਾਈ ਤਾਰੂ ਸਿੰਘ, ਜਿਨ੍ਹਾਂ ਖੋਪਰੀ ਉਤਰਵਾਈ ਸੀ, ਤੇ ਗੁਰਦੁਆਰਾ ਸ਼ਹੀਦਗੰਜ ਜਿਥੇ ਮੀਰ ਮੰਨੂ ਦੀ ਕੈਦ ਵਿਚ ਸਿੰਘਣੀਆਂ ਨੇ ਸਵਾ ਸਵਾ ਮਣ ਪੀਸਣ ਪੀਸੇ, ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪੁਆਏ, ਪਰ ਸਿਦਕੋਂ ਨਹੀਂ ਡੋਲੀਆਂ–ਇਹ ਗੁਰਦੁਆਰੇ ਵੀ ਸਿੰਘਾਂ ਪਾਸੋਂ ਖੁਸ ਗਏ। ਅਜੇ ਕਲ੍ਹ ਹੀ ਤਾਂ ਸ਼ਹੀਦਗੰਜ ਦੀ ਸੇਵਾ-ਸੰਭਾਲ ਦਾ ਹੱਕ ਪ੍ਰਾਪਤ ਕਰਨ ਲਈ ਉਹ ਰਾਜ-ਦਰਬਾਰੇ ਚੜ੍ਹੇ ਸਨ।

ਲਾਹੌਰ ਵਿਚ ਹੀ ਗੁਰਦੁਆਰਾ ਜਨਮ-ਅਸਥਾਨ ਗੁਰੂ ਰਾਮਦਾਸ ਜੀ (ਚੂਨਾ ਮੰਡੀ) ਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ (ਮੁਜ਼ੰਗ) ਵੀ ਸਨ।

ਇਹਨਾਂ ਇਤਿਹਾਸਕ ਗੁਰਧਾਮਾਂ ਤੋਂ ਛੁੱਟ ਹਜ਼ਾਰਾਂ ਹੋਰ ਗੁਰਦੁਆਰੇ ਵੀ ਪੰਥ ਦੇ ਹੱਥੋਂ ਜਾਂਦੇ ਰਹੇ, ਜਿਥੇ ਸੰਗਤਾਂ ਨਿੱਤ ਜੁੜਦੀਆਂ ਤੇ ਨਾਮ ਬਾਣੀ ਦਾ ਅਭਿਆਸ ਕਰਦੀਆਂ ਸਨ।

ਇਹ ਇਕ ਅਸਹਿ ਤੇ ਅਕਹਿ ਦਰਦ ਸੀ, ਜਿਸ ਦੇ ਪਰਿਣਾਮ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਹੋਇਆ ਤੇ ਸਵੇਰੇ ਸ਼ਾਮ ਹੋਣ ਵਾਲੀ ਅਰਦਾਸ ਵਿਚ ਇਹ ਵਾਕ ਸ਼ਾਮਲ ਕਰਨ ਦਾ ਆਦੇਸ਼ ਦਿੱਤਾ ਗਿਆ, "ਪੰਥ ਦੇ ਸਦਾ ਸਹਾਈ ਦਾਤਾਰ ਜੀ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।"

ਇਹ ਵਾਕ ਓਦੋਂ ਤੋਂ ਹੀ ਅਰਦਾਸ ਵਿਚ ਨਿੱਤ ਦੁਹਰਾਏ ਜਾਂਦੇ ਹਨ, ਤੇ ਅਰਦਾਸ ਦਾ ਅੰਗ ਬਣ ਗਏ ਹਨ।

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਗੁਰਮਤਿ ਗੌਰਵਤਾ | ੩੨-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਅਣਡਿਠੀ ਦੁਨੀਆ | ੧੯-੦੦ |
| ਕਥਾ ਕੀਰਤਨ | ੧੬-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਪ੍ਰਕਾਸ਼ | ੧੧-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ | ੩-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕਲਾ | ੧-੫੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |


www.AKJ.Org

# ਭਾਈ ਗੁਰਬਖ਼ਸ਼ ਸਿੰਘ ਜੀ ਕਮਾਲਪੁਰਾ (੨)

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਅਕਤੂਬਰ ੧੯੯੨)

ਭੋਗ ਪਏ, ਪੰਚਾ-ਅੰਮ੍ਰਿਤੀ ਭੋਗ ਲਗੇ। ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੇ ਗਫੇ ਸਭ ਨੇ ਭੂੰਚੇ। ਭੂੰਚਣ ਸਾਰ ਹੀ ਉਹ ਪੰਜੇ ਹੰਸਲੇ ਉਥੋਂ ਫੇਰ ਉਡਾਰੀਆਂ ਮਾਰ ਤੁਰੇ। ਸਾਰੀ ਸੰਗਤ ਲੰਗਰ ਵਲ ਧਾ ਕੇ ਚਲੀ ਗਈ। ਲੰਗਰ ਵਿਚ ਲੰਗਰ ਦੇ ਵਰਤਾਉਣ ਦੇ ਅਰਦਾਸੇ ਹੋ ਗਏ। ਸਰਬ-ਲੋਹੀ ਲੰਗਰ ਸਜਿਆ ਸਜਾਇਆ ਹੀ ਰਹਿ ਗਿਆ। ਸਾਨੂੰ ਪੰਜਾਂ ਨੂੰ ਖਬਰੇ ਕਿਹੜੀ ਧੂਹ ਸੀ, ਜਿਹੜੀ ਲੈ ਤੁਰੀ। ਵੈਸਾਖ ੧੯੧੦ ਈ: ਦਾ ਮਹੀਨਾ ਹੈ, ਗਰਮੀ ਖ਼ਾਸੀ ਹੋ ਗਈ ਸੀ, ਨਗਨ ਪੈਰੀਂ ਹੀ ਪਧਾਰ ਨਿਕਲੇ। ਸੀਸਾਂ ਉਤੇ ਕੰਬਲ ਦੇ ਦੁਮਾਲੇ ਹਨ। ਗਾਤਰੇ ਸਜਾਏ ਹੋਏ ਹਨ। ਚਕਰ ਗਲ ਵਿਚ ਲਟਕਦੇ ਹਨ। ਇਕ ਇਕ ਆਸਣ ਓੜ੍ਹਿਆ ਹੋਇਆ ਹੈ। ਤੇੜ ਕਛਹਿਰੇ ਹੀ ਕਛਹਿਰੇ ਹਨ, ਪਜਾਮਾ ਕਿਸੇ ਦੇ ਨਹੀਂ। ਨਾ ਕੋਈ ਰਾਹ ਹੈ ਨਾ ਪੰਧ ਹੈ। ਕਿਸੇ ਅਜ਼ਗੈਬੀ ਧੂਹ ਦੇ ਧੂਹੇ ਜਾਂਦੇ ਹਾਂ, ਪਤਾ ਨਹੀਂ ਕਿਥੇ ਜਾਂਦੇ ਹਾਂ। ਜਾਂਦਿਆਂ ਜਾਂਦਿਆਂ ਜਿਥੇ ਵੀਰ ਗੁਰਬਖ਼ਸ਼ ਸਿੰਘ ਜੀ ਕਿਲਕਾਰਨੀ ਧੁਨੀ ਲਾਇ ਖੜੋਵਣ, ਉਥੇ ਸਾਰੇ ਖੜ ਜਾਵੀਏ। ਗੁਰਬਖ਼ਸ਼ ਸਿੰਘ ਜੀ ਦੀ ਅਤਿ ਆਤਮ ਅਰੂੜ ਦਸ਼ਾ ਨੂੰ ਵੇਖ ਕੇ ਹੋਰ ਤਾਂ ਸਭ ਵਿਗਸਣ ਵਿਗਸਾਉਣ, ਪਰ ਪਿਆਰਾ ਲਾਲ ਸਿੰਘ ਝੂਰੇ ਤੇ ਝੂਰ-ਵਿਸੂਰਿਆਂ ਵਿਚ ਅੱਗ ਵਾਂਗੂ ਤਪਦੇ ਟਿਬਿਆਂ ਤੇ ਲੇਟਦਾ ਜਾਵੇ। ਹਾਵਾ ਪਛਤਾਵਾ ਇਹ ਕਿ ਮੇਰੀ ਇਹੀ ਦਸ਼ਾ ਅੰਮ੍ਰਿਤ ਛਕਣ ਸਾਰ ਕਿਉਂ ਨਹੀਂ ਹੋ ਗਈ। ਮੂਧੇ ਮੂੰਹ ਪਏ ਲਾਲ ਸਿੰਘ ਨੂੰ ਬੜੀ ਮੁਸ਼ਕਲਾਂ ਨਾਲ ਉਠਾ ਕੇ ਅਗਾਹਾਂ ਤੋਰਿਆ ਜਾਵੇ। ਤੁਰੇ ਜਾਂਦਿਆਂ ਨੂੰ ਕਿਸੇ ਨੂੰ ਇਹ ਪਤਾ ਨਹੀਂ ਕਿਸ ਰਸਤੇ ਜਾ ਰਹੇ ਹਾਂ।

**ਟਿਕਟ ਲੈਣ ਦੀ ਅਚਰਜ ਖੇਡ–**

ਓਦੋਂ ਹੀ ਪਤਾ ਲਗਾ ਕਿ ਕਿਲ੍ਹਾ ਰਾਇਪੁਰ ਰੇਲਵੇ ਸਟੇਸ਼ਨ ਤੇ ਆ ਪੁਜੇ। ਓਥੋਂ ਦਾ ਸਟੇਸ਼ਨ-ਮਾਸਟਰ ਇਕ ਬੜਾ ਸਿਖ ਪ੍ਰੇਮੀ ਸਜਣ ਸੀ, ਜਿਸ ਨੇ ਸਾਨੂੰ ਬਾਹਰਵਾਰ ਪਲੇਟ-ਫ਼ਾਰਮ ਤੇ ਕੁਰਸੀਆਂ ਵਿਛਾ ਦਿਤੀਆਂ। ਦੋਹਾਂ ਪਾਸਿਆਂ ਤੋਂ ਗੱਡੀਆਂ ਦਾ ਕ੍ਰਾਸ ਓਥੇ ਹੀ ਹੋਣਾ ਸੀ। ਜਦੋਂ ਗੱਡੀਆਂ ਆਉਣ ਦਾ ਸਮਾ ਹੋਇਆ, ਸਾਨੂੰ ਸਟੇਸ਼ਨ-ਮਾਸਟਰ ਨੇ ਆ ਹਲੂਣਿਆ ਤੇ ਬੜੇ ਅਦਬ ਨਾਲ ਪ੍ਰੇਮ ਨਾਲ ਪੁਛਣ ਲਗਾ, "ਭਾਈ ਸਾਹਿਬ, ਕਿਹੜੇ ਸਟੇਸ਼ਨ ਦਾ ਟਿਕਟ ਲੈਣਾ ਹੈ?" ਅਸਾਂ ਕਿਹਾ ਕਿ ਭਾਈ ਸਾਨੂੰ ਤਾਂ ਪਤਾ ਨਹੀਂ, ਅਸਾਂ ਕਿਹੜੇ ਸਟੇਸ਼ਨ ਦਾ ਟਿਕਟ ਲੈਣਾ ਹੈ ਤੇ ਕਿਥੇ ਜਾਣਾ ਹੈ। ਉਹ ਸਟੇਸ਼ਨ-ਮਾਸਟਰ ਪਹਿਲਾਂ ਹੀ ਇਸ ਪ੍ਰੇਮ-ਵੈਰਾਗੀ ਦੀ ਸ਼ਕਲ ਦਾ ਕੁਛ ਵਾਕਫ਼ਕਾਰ ਸੀ। ਨਿਮੋਝੂਣਾ ਹੋ ਕੇ ਪੁਛਣ ਲਗਾ, "ਹੁਕਮ ਕਰੋ, ਮੈਂ ਕਿਵੇਂ ਕਰਾਂ?" ਅਸਾਂ ਕਿਹਾ, "ਪਿਆਰਿਆ, ਸਾਨੂੰ ਤਾਂ ਪਤਾ ਨਹੀਂ ਕਿਥੇ ਜਾਣਾ ਹੈ ਤੇ ਕਿਸ ਸਟੇਸ਼ਨ ਤੇ ਜਾਣਾ ਹੈ, ਇਹ ਜ਼ਰੂਰ ਪ੍ਰਤੀਤ ਹੁੰਦਾ ਹੈ ਕਿ ਜਿਸ ਨੇ ਇਥੇ ਸਟੇਸ਼ਨ ਤੇ ਲਿਆਂਦਾ ਹੈ, ਜ਼ਰੂਰ ਕਿਸੇ ਪਾਸੇ ਟਿਕਕ ਲੈ ਕੇ ਜਾਣ ਲਈ ਹੀ ਲਿਆਂਦਾ ਹੈ। ਸਾਡੇ ਪਾਸ ਤਾਂ ਟਿਕਟ ਲੈਣ ਲਈ ਰੋਕੜ ਮਾਇਆ ਵੀ ਨਹੀਂ।" ਉਸ ਸਟੇਸ਼ਨ-ਮਾਸਟਰ ਨੇ ਬੜੀ ਅਧੀਨਗੀ ਨਾਲ ਆਖਿਆ, "ਮਾਇਆ ਦਾ ਫ਼ਿਕਰ ਨਾ ਕਰੋ, ਸਾਰੀ ਗੁਰੂ ਦੀ ਮਾਇਆ ਹੈ, ਹੁਕਮ ਕਰੋ ਕਿਥੋਂ ਦਾ ਟਿਕਟ ਲਿਆਵਾਂ?" ਅਸਾਂ ਕਿਹਾ, "ਸਾਨੂੰ ਪਤਾ ਨਹੀਂ ਕਿਥੋਂ ਦਾ ਟਿਕਟ ਲੈਣਾ ਹੈ, ਤੂੰ ਇਸ ਤਰ੍ਹਾਂ ਕਰ, ਟਿਕਟਾਂ ਵਾਲੇ ਅਲਮਾਰੇ ਅਗੇ ਖਲੋ ਕੇ ਅੱਖਾਂ ਮੀਟ ਕੇ ਮੂਲ ਮੰਤਰ ਸਤਿਨਾਮ ਦਾ ਪਉੜਾ ਪੜ੍ਹ ਕੇ ਜਿਸ ਖ਼ਾਨੇ ਵਿਚ ਹੱਥ ਪਾਵੇਂਗਾ, ਸਾਡੇ ਲਈ ਪੰਜ ਟਿਕਟਾਂ ਲੈ ਆਵੀਂ।" ਇਸ ਤਰ੍ਹਾਂ ਅੰਬਾਲੇ ਛਾਉਣੀ ਦੇ ਟਿਕਟ ਨਿਕਲੇ। ਭਾਈ ਸਰਵਣ ਸਿੰਘ ਜੀ ਫ਼ੌਰਨ ਤਾੜ ਗਏ ਕਿ ਛਾਉਣੀ ਅੰਦਰ ਬਾਬੂ ਮੱਲ ਸਿੰਘ ਤੇ ਭਾਈ ਪਿਆਰਾ ਸਿੰਘ ਦੀਆਂ ਰੂਹਾਂ ਖਿੱਚ ਰਹੀਆਂ ਹਨ, ਬਸ ਅਸਾਂ ਉਥੇ ਪੁੱਜਣਾ ਹੈ। ਇੰਨੇ ਵਿਚ ਭਾਈ ਵਰਿਆਮ ਸਿੰਘ ਸਾਡੇ ਨਾਲ ਦੇ ਸਤਿਸੰਗੀ ਦੀ ਜੇਬ ਵਿਚ ਇਕ ਬਟੂਏ ਵਿਚੋਂ ਮਾਇਆ ਨਿਕਲੀ, ਟਿਕਟਾਂ ਦੀ ਮਾਇਆ ਸਭ ਤਾਰ ਦਿਤੀ।



www.AKJ.Org

ਲੁਧਿਆਣੇ ਜਾਣ ਵਾਲੀ ਗੱਡੀ ਪਲੇਟ-ਫ਼ਾਰਮ ਤੇ ਆ ਖੜੋਤੀ। ਗੱਡੀ ਅਜੇ ਚਲਣ ਹੀ ਲਗੀ ਸੀ ਕਿ ਰਾਇਪੁਰ ਤੋਂ ਦੋ ਸੱਜਣ ਗੁਰਮੁਖ ਤਿਆਰ-ਬਰ-ਤਿਆਰ ਡਬੇ ਅਗੇ ਆਇ ਖਲੋਤੇ। ਸ਼ਰਬਤ ਜਲ ਦੇ ਬਾਟੇ ਭਰੇ ਹੋਏ ਸਾਡੇ ਪੇਸ਼ ਕੀਤੇ; ਤੇ ਐਸੇ ਪ੍ਰੇਮ-ਬੇਧਨਾ ਸਹਿਤ ਬੇਨਤੀ ਕੀਤੀ ਕਿ ਜ਼ਰੂਰ ਛਕਣੇ ਹੋਣਗੇ। ਸਾਨੂੰ ਕਈ ਡੰਗ ਹੋ ਗਏ ਸੀ ਕਿ ਕੁਛ ਖਾਨ ਪਾਨ ਨਹੀਂ ਕੀਤਾ ਸੀ। ਉਸ ਪ੍ਰੇਮ-ਬੇਨਤੀ ਨਾਲ ਐਸੇ ਬੇਧੇ ਗਏ ਕਿ ਅਸੀਂ ਇਕ ਇਕ ਬਾਟਾ ਜਲ ਦਾ ਚਾੜ੍ਹ ਗਏ। ਉਹ ਪ੍ਰੇਮ-ਸ਼ਰਬਤ ਦੇ ਬਾਟੇ ਅੰਦਰ ਚੜ੍ਹਨ ਦੀ ਦੇਰ ਸੀ ਕਿ ਪ੍ਰੇਮ-ਵਰਾਟੇ ਨਾਮ ਦੇ ਹੋਰ ਭੀ ਜ਼ੋਰੋ ਜ਼ੋਰ ਵਜਣ ਲਗੇ। ਵੀਰ ਗੁਰਬਖ਼ਸ਼ ਸਿੰਘ ਜੀ ਨੇ ਪ੍ਰੇਮ-ਲਟਕੋਰ ਵਿਚ ਆ ਕੇ "ਮੇਰੇ ਮਨਿ ਪ੍ਰੇਮੁ ਲਗੋ ਹਰਿ ਤੀਰ"* ਵਾਲਾ ਸ਼ਬਦ ਹਿਰਦੇ-ਬੇਧਨਾ ਅਲਾਪਣਾ ਅਰੰਭ ਕੀਤਾ। ਅਲਾਪੀ ਜਾਣ ਤੇ ਆਤਮ-ਰੰਗ ਵਿਚ ਰੰਗਾਪੀ ਜਾਣ। ਨੈਣਾਂ ਵਿਚੋਂ ਨੀਰ ਝਰਨ ਝਰਨ ਜਾਰੀ ਹੈ। ਬੈਰਾਗ-ਬੇਧਨੀ-ਧੁਨੀ ਸਾਰੇ ਸਰੋਤੇ ਜਨਾਂ ਦੇ ਹਿਰਦੇ ਨੂੰ ਚੀਰ ਚੀਰ ਕੇ ਵਲੂੰਦਰੀ ਜਾਂਦੀ ਹੈ। ਬੱਸ, ਉਸੇ ਲੰਬੇ ਚੌੜੇ ਡਬੇ ਵਿਚ ਬੈਠੇ ਜਿਤਨੇ ਭੀ ਮੁਸਾਫ਼ਰ ਸਨ ਕੀ ਹਿੰਦੂ, ਕੀ ਮੁਸਲਮਾਨ, ਕੀ ਸਿਖ, ਸਾਰਿਆਂ ਦੇ ਨੇਤਰਾਂ ਵਿਚੋਂ ਨੀਰ ਵਹਿ ਤੁਰਿਆ।

**ਮੁਸਲਮਾਨ ਫ਼ਕੀਰ ਦੀ ਬਿਹਬਲਤਾ—**

ਅਗਲੇ ਸਟੇਸ਼ਨ ਤੇ ਗੱਡੀ ਜਦ ਠਹਿਰੀ, ਇਕ ਮੁਸਲਮਾਨ ਫ਼ਕੀਰ ਦੁਹਾਈਆਂ ਦੇ ਕੇ ਇਸ ਬਿਧ ਪੁਕਾਰਨ ਲਗਾ, "ਹੇ ਰੱਬਾ, ਇਸ ਬਾਲੜੇ ਨੌਜਵਾਨ ਨੇ ਸਾਨੂੰ ਕੋਹ ਛਡਿਆ ਹੈ। ਪਤਾ ਨਹੀਂ ਇਸ ਨੂੰ ਕੀ ਜੀਵਨ-ਬੂਟੀ ਮਿਲੀ ਹੈ, ਸਾਨੂੰ ਭੀ ਇਹ ਜੀਵਨ-ਬੂਟੀ ਪ੍ਰਾਪਤ ਹੋਵੇ ਤਾਂ ਬਚਦੇ ਹਾਂ, ਨਹੀਂ ਤਾਂ ਜੀਵਨਾ ਧ੍ਰਿਗ ਹੈ।" ਕਈ ਅਨਭੋਲ ਸਾਨੂੰ ਪੁਛਣ, "ਇਸ ਬਚੜੇ ਦਾ ਕੋਈ ਸਨਬੰਧੀ ਗੁਜ਼ਰ ਗਿਆ ਹੈ, ਜਿਸ ਦੇ ਵਿਜੋਗ ਵਿਚ ਇਹ ਰੋਂਦਾ ਹੈ ?" ਮੁਸਲਮਾਨ ਫ਼ਕੀਰ ਆਖੇ, "ਓ ਭੈੜਿਓ ! ਇਸ ਦੇ ਚੇਹਰੇ ਵਲ ਤਾਂ ਵੇਖੋ, ਕੇਸਾ ਜਲਾਲ ਹੈ, ਸੰਸਾਰ ਤੋਂ ਮਰ-ਲਥਿਆਂ ਦੇ ਇਹ ਹਾਲ ਹੁੰਦੇ ਹਨ ?" ਲੁਧਿਆਣੇ ਤਾਈਂ ਇਕ-ਤਾਰ ਇਹੀ ਦਸ਼ਾ ਬਣੀ ਰਹੀ। ਕਈਆਂ ਮੁਸਾਫ਼ਰਾਂ ਨੂੰ ਵਿਚਕਾਰਲੇ ਸਟੇਸ਼ਨਾਂ ਤੇ ਉਤਰਨਾ ਹੀ ਭੁਲ ਗਿਆ। ਲੁਧਿਆਣੇ ਆ ਗੱਡੀ ਬਦਲਣੀ ਸੀ, ਅਸੀਂ ਉਥੇ ਪਲੇਟ-ਫ਼ਾਰਮ ਤੇ ਉਤਰ ਖੜੋਏ। ਕਈ ਮੁਸਾਫ਼ਰ ਤਾਂ ਪਲੇਟ-ਫ਼ਾਰਮ ਤੇ ਲੰਬੇ ਪੈ ਗਏ ਕਿ ਸਾਨੂੰ ਭੀ ਨਾਲ ਲੈ ਚਲੋ। ਆਪਣੇ ਰੰਗਾਂ ਵਿਚ ਉਨ੍ਹਾਂ ਦੀ ਪ੍ਰਵਾਹ ਨ ਕਰਦੇ ਹੋਏ ਅੰਬਾਲੇ ਵਾਲੀ ਗੱਡੀ ਵਿਚ ਜਾ ਚੜ੍ਹੇ, ਬਸ ਸਾਰੇ ਰਾਹ ਉਸ ਡੱਬੇ ਵਿਚ ਭੀ ਕੀਰਤਨ ਹੁੰਦਾ ਗਿਆ। ਅਨੇਕਾਂ ਰੂਹਾਂ ਕੁਠੀਆਂ ਮੁਠੀਆਂ ਗਈਆਂ, ਵਿਰਲਾਪ ਹੀ ਵਿਰਲਾਪ ਉਨ੍ਹਾਂ ਦੇ ਪਲੇ ਰਹਿ ਗਿਆ। ਆਪੋ ਆਪਣੇ ਧੰਧ-ਬੰਧਾਂ ਦੇ ਗ੍ਰਸੇ ਹੋਇ ਪਿਛਾਂਹ ਦੇ ਪਿਛਾਂਹ ਹੀ ਰਹਿ ਗਏ। ਰਾਜਪੁਰੇ ਜਾ ਕੇ ਫੇਰ ਗੱਡੀ ਬਦਲਣੀ ਸੀ, ਜੋ ਬੜੀ ਪਛੜ ਕੇ ਆਈ, ਤੇ ਰਾਤ ਨੂੰ ਪਛਤ ਕੇ ਹੀ ਅਸੀਂ ਅੰਬਾਲੇ ਸਟੇਸ਼ਨ ਤੇ ਪੁਜੇ। ਅੰਬਾਲੇ ਛਾਉਣੀ ਸਹੀ ਸਲਾਮਤ ਆ ਪੁਜੇ। ਪਤਾ ਨਹੀਂ ਕੌਣ ਅਗਵਾਈ ਕਰਦਾ ਸੀ, ਕੌਣ ਮਾਰਗ ਦਸਦਾ ਸੀ। ਰਾਤ ਦੇ ੦੧ ਵਜੇ ਭਾਈ ਪਿਆਰਾ ਸਿੰਘ ਦਾ ਬੂਹਾ ਆ ਖੜਕਾਇਆ, ਜੋ ਅੱਜ ਕਲ੍ਹ ਕਰਨੈਲ ਪਿਆਰਾ ਸਿੰਘ ਜੈਪੁਰ ਵਾਲੇ ਹਨ।

**ਅੰਬਾਲਾ ਛਾਉਣੀ ਦੇ ਕੌਤਕ—**

ਭਾਈ ਪਿਆਰਾ ਸਿੰਘ ਪਹਿਲਾਂ ਹੀ ਸੰਰਬਲੋਹ ਦੇ ਲੰਗਰ ਦਾ ਤਿਆਰਾ ਕਰੀ ਬੈਠੇ ਸਨ, ਜਿਵੇਂ ਉਨ੍ਹਾਂ ਨੂੰ ਪਹਿਲਾਂ ਹੀ ਵਾਇਰਲੈੱਸ ਪਹੁੰਚ ਗਈ ਹੁੰਦੀ ਹੈ। ੧੮ ਨੰਬਰ ਦੇ ਕੁਆਟਰ ਵਿਚੋਂ ਇਕ-ਦਮ ਬਾਬੂ ਮੱਲ ਸਿੰਘ ਜੀ ਨੂੰ ਬੁਲਾ ਲਿਆਏ। ਉਹਨਾਂ ਆਉਂਦਿਆਂ ਹੀ ਕਿਹਾ, ਛਾਉਣੀ ਸਟੇਸ਼ਨ ਤੋਂ ਟੁਰ ਕੇ ਕੀਕੂੰ ਆਏ ? ਸਾਨੂੰ ਹੁਕਮ ਕਰ ਭੇਜਣਾ ਸੀ, ਸਵਾਰੀ ਭੇਜਦੇ ਜਾਂ ਆਪ ਹਾਜ਼ਰ ਹੁੰਦੇ। ਰਮਜ਼-ਸ਼ਨਾਸੀ ਭਾਈ ਪਿਆਰਾ ਸਿੰਘ ਜੀ ਬੋਲੇ, ਕਿ ਇਨ੍ਹਾਂ ਨੂੰ ਕੋਈ ਸੁਧ ਬੁਧ ਰਹੀ ਹੈ ? ਵਿਚੋਂ ਹੀ ਗੱਲ ਕੱਟ ਕੇ ਸਾਡੇ ਸਾਥੀਅੜੇ ਜੀਵਨ-ਮੁਕਤ ਭਾਈ ਸਰਵਣ ਸਿਘ ਜੀ ਪਕਾਰ ਉਠੇ ਅਤੇ ਮਰਜੀਵੜੇ ਵੀਰ ਭਾਈ ਗੁਰਬਖ਼ਸ਼ ਸਿੰਘ ਵਲ ਇਸ਼ਾਰਾ ਕਰ ਕੇ ਕਹਿਣ ਲਗੇ, "ਅਸੀਂ ਤਾਂ ਇਹ ਸਦੜੀ ਸੁਗਾਤ ਲੈ ਕੇ ਪੁਜੇ ਹਾਂ। ਪੁਚਾਉਣਹਾਰੇ ਨੇ ਹੀ ਸਾਨੂੰ ਇਥੇ ਪੁਚਾਇਆ ਹੈ।" ਇੰਨੀ ਗੱਲ

*ਗੋਂਡ ਮ: ੪, ਪੰਨਾ ੮੬੧



www.AKJ.Org

ਕਹਿਣ ਦੀ ਦੇਰ ਹੀ ਸੀ, ਵੀਰ ਗੁਰਬਖ਼ਸ਼ ਸਿੰਘ ਦੇ ਅੰਦਰੋਂ ਬਿਰਹਾ-ਬੇਧਨੀ ਕੀਰਤਨ ਧੁਨੀ ਫੇਰ ਉਮਗ ਖਲੋਤੀ ਤੇ ਸਾਰੇ ਸੱਜਣ ਕੀਰਤਨ ਵਿੱਚ ਹੀ ਜੁਟ ਗਏ। ਜੁਟੇ ਜੁਟਾਇਆਂ ਨੂੰ ਹੀ ਤਿਆਰ ਹੋਏ ਗਫੇ ਲਾਉਣ ਲਈ ਪ੍ਰੇਰਿਆ ਗਿਆ। ਭਾਈ ਪਿਆਰਾ ਸਿੰਘ ਜੀ ਕਹਿਣ ਲਗੇ, ਹੁਣ ਤਾਂ ਕਈ ਦਿਵਸ ਰਾਤਾਂ ਬਤੀਤ ਹੋ ਗਏ, ਹੁਣ ਤਾਂ ਜ਼ਰੂਰ ਕੜਾਕਾ ਖੁੱਲ੍ਹਣਾ ਹੋਵੇਗਾ। ਹੁਕਮ ਨੂੰ ਕੌਣ ਮੋੜੇ। ਗਫੇ ਲੱਗਣ ਲਗ ਗਏ। ਲਾਂਦਿਆਂ ਦੀਆਂ ਸਮਾਧੀਆਂ ਜੁੜ ਗਈਆਂ। ਦਿਨ-ਚੜ੍ਹਦੇ ਨੂੰ ਰਸਾਲੇ ਦੇ ਵੀਰਾਂ ਨੇ ਤਾਂ ਆਪੋ ਆਪਣੀ ਫ਼ੌਜੀ ਡਿਊਟੀ ਤੇ ਜਾਣਾ ਸੀ, ਸੋ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਜਾਣਾ ਹੀ ਪਿਆ, ਸ਼ਾਇਦ ਪਛੜ ਕੇ ਹੀ ਗਏ ਹੋਣਗੇ! ਅਸੀਂ ਉਸ ਕੁਆਟਰ 'ਚੋਂ ਬਾਹਰ ਨਿਕਲ ਕੇ ਇਕ ਨਿਵੇਕਲੇ ਖੂਹ ਦੇ ਕਿਨਾਰੇ ਤੇ ਹੀ ਰੇਤ ਤੇ ਜਾ ਲੇਟੇ ਅਤੇ ਕਿੰਨਾ ਚਿਰ ਲੇਟੇ ਹੀ ਰਹੇ। ਧੁੱਪਾਂ ਤਕੜੀਆਂ ਚੜ੍ਹ ਗਈਆਂ, ਫ਼ੌਜੀ ਸੱਜਣਾਂ ਵਿਚੋਂ ਕੋਈ ਨਾ ਬਾਹੁੜਿਆ। ਅਸੀਂ ਆਪਣੀ ਮੌਜ ਵਿਚ ਹੀ ਅਜਿਹੇ ਪ੍ਰੇਰੇ ਗਏ ਕਿ ਪਿਛਾਂਹ ਨੂੰ ਪਰਤਣ ਦੀਆਂ ਦਲੀਲਾਂ ਬੱਝ ਗਈਆਂ। ਉਥੇ ਅਟਕਣ ਨੂੰ ਜੀਅ ਨ ਕਰੇ। ਮਨੋ ਮਨੀ ਸਭ ਦੀ ਸਲਾਹ ਪਿਛਾਂਹ ਨੂੰ ਮੁੜਨ ਦੀ ਹੋ ਗਈ ਸੀ। ਉਠ ਕੇ ਤੁਰਨ ਹੀ ਲਗੇ ਸੀ ਕਿ ਇਤਨੇ ਨੂੰ ਬਾਬੂ ਮੱਲ ਸਿੰਘ ਜੀ ਆ ਗਏ, ਲੱਜ ਤੇ ਡੋਲ ਹੱਥ ਵਿਚ ਫੜੀ ਸੀ, ਇਹ ਨਜ਼ਾਰਾ ਅਜ ਤਕ ਚੇਤੇ ਹੈ, ਕਦੇ ਨਹੀਂ ਭੁਲਿਆ। ਬਾਬੂ ਮੱਲ ਸਿੰਘ ਜੀ ਨੇ ਅੰਤਰਗਤੀ ਅਸਾਡੀ ਪਿਛਾਂਹ ਮੁੜਨ ਵਾਲੀ ਰੁਚੀ ਨੂੰ ਪਛਾਣ ਲਿਆ, ਖ਼ੂਬ ਜਾਂਚ ਕੇ ਜਾਣ ਲਿਆ। ਪਰਮ ਵੈਰਾਗ ਵਿਚ ਬੇਧੀ ਹੋਈ ਇਹ ਧੁਨੀ ਉਨ੍ਹਾਂ ਦੇ ਮੁੱਖ ਵਿਚੋਂ ਨਿਕਲੀ, "ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ"।* ਧੁਨੀ ਕੀ ਸੀ, ਕੋਈ ਕਟਕ ਸੀ। ਗਗਨ ਵਲ ਨੂੰ ਮੁਖਾਰਬਿੰਦ, ਡੋਲ ਖੂਹੇ ਅੰਦਰ ਲਮਕਿਆ ਹੋਇਆ ਤੇ ਲੱਜ ਹੱਥ ਵਿਚ ਫੜੀ ਹੋਈ, ਅਨੂਪਮ ਲਟਕਾਂ ਵਿਚ ਸਾਰਾ ਸ਼ਬਦ ਅਲਾਪਣ ਕੀਤਾ। ਸਾਡੀਆਂ ਪਿਛਾਂਹ ਪਰਤਣ ਵਾਲੀਆਂ ਸਲਾਹਾਂ ਸਭ ਵਿਚੇ ਹੀ ਰਹਿ ਗਈਆਂ। ਆਪਣੀ ਖਲਹੁ ਮੌਜੜੇ ਬਣਾ ਕੇ ਹੰਢਾਉਣ ਵਾਲਿਆਂ ਦੇ ਨਿਜ ਚਰਨਾਂ ਵਿਚ ਹੀ ਬਿਰਤੀਆਂ ਜਾ ਟਿਕੀਆਂ। ਅਸੀਂ, ਹਾਂ ਉਸ ਵੀਰਨੇ ਬਾਬੂ ਮੱਲ ਸਿੰਘ ਜੀ ਦੇ ਮੁੱਲ-ਖ਼ਰੀਦੀ ਲਾਲੇ ਗੋਲੇ ਹੋ ਗਏ। ਇਧਰ ਸਾਰੀਆਂ ਸੰਗਤਾਂ ਆ ਜੁੜੀਆਂ, ਅਖੰਡ ਪਾਠ ਕਰਨ ਦੇ ਤਿਆਰੇ ਹੋ ਗਏ। ਪ੍ਰੇਮ-ਜੂੜ ਦੇ ਜਕੜੇ ਹੋਏ ਅਸੀਂ ਸੰਗਤਾਂ ਦੀ ਧੂੜ ਹੀ ਬਣ ਰਹੇ।

ਨਿਯਮਾਂ ਅਨੁਸਾਰ ਸ੍ਰੀ ਅਖੰਡ ਪਾਠ ਸਮਾਗਮ ਖ਼ੂਬ ਲਹਿਰਾਂ ਤੇ ਲਟਕਾਂ ਸਹਿਤ ਅਰੰਭ ਹੋ ਗਿਆ। ਛਾਉਣੀ ਨਿਵਾਸੀ ਰਸਾਲਿਆਂ ਅਤੇ ਪਲਟਨਾਂ ਦੀਆਂ ਸਤਿਸੰਗੀ ਸੰਗਤਾਂ ਹੁਮ ਹੁਮਾ ਕੇ ਆ ਜੁੜੀਆਂ। ਤੋਪਖ਼ਾਨੇ ਦੇ ਸਿਖ ਵੀਰੜੇ ਭੀ ਜੋਕ-ਦਰ-ਜੋਕ ਇਸੇ ਸਮਾਗਮ ਵਿਚ ਆਣ ਇਕੱਠੇ ਹੋਏ। ਇਸ ਸਮਾਗਮ ਵਿਖੇ ਇਹ ਪਹਿਲੀ ਹੀ ਗੁਰਮਤਿ ਅਲੌਕਿਕਤਾ ਵਾਲੀ ਅਰੰਭਣੀ ਸੀ ਕਿ ਅੰਮ੍ਰਿਤ ਵੇਲੇ ਚਾਰ ਵਜੇ ਦੇ ਲਗ ਪਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਹਿਲਾਂ ਸ੍ਰੀ ਆਸਾ ਜੀ ਦੀ ਵਾਰ ਦਾ ਲਟਕ-ਲਹਿਰ-ਕੀਰਤਨ ਅਰੰਭ ਹੋਇਆ। ਉਹ ਅਗੰਮੀ ਧੁਨੀਆਂ ਉਠੀਆਂ, ਦੂਰ ਦੂਰ ਤਾਈਂ ਜਾ ਧੁਮੀਆਂ। ਲਾਊਡ ਸਪੀਕਰ ਤਾਂ ਉਨ੍ਹੀਂ ਦਿਨੀਂ ਹੈ ਹੀ ਨਹੀਂ ਸਨ, ਜੇ ਹੁੰਦੇ ਤਾਂ ਵੀ ਉਨ੍ਹਾਂ ਦੇ ਲਾਵਣ ਦੀ ਲੋੜ ਨਹੀਂ ਸੀ। ਗਗਨੰਤ੍ਰੀ ਗੰਮਤਾ ਵਾਲੀਆਂ ਕੀਰਤਨ-ਗੂੰਜਾਂ ਕੀਰਤਨੀ ਜਨ ਕੇਵਲ ਨਿਜ ਅਨੰਦ ਪ੍ਰਾਇਣ ਹੋ ਕੇ ਹੀ ਗੂੰਜਾਂਵਦੇ ਸਨ। ਕਿਸੇ ਨੂੰ ਸੁਣਾਵਣ ਖ਼ਾਤਰ ਕੀਰਤਨ ਨਹੀਂ ਹੋਇਆ ਕਰਦਾ ਸੀ, ਇਕ ਤਿਲ ਮਾਤ੍ਰ ਤਮਾਏ ਭੀ ਨਹੀਂ ਹੁੰਦੀ ਸੀ, ਕਿ ਸੰਗਤਾਂ ਇਕੱਠੀਆਂ ਹੋਣ ਤਾਂ ਕੀਰਤਨ ਅਰੰਭੀਏ। ਕੀਰਤਨ-ਰਸ-ਰਤੰਨੜੇ ਭੌਰੇ, ਕੀਰਤਨੀ ਸਰੋਤੇ ਮੁਸ਼ਕ ਮੌਜੀ ਰੂੜ੍ਹਿਆਂ ਨੂੰ ਅਗੰਮੀ ਵਾਇਰਲੈੱਸ ਦੀ ਖਿਚ ਦੁਆਰਾ ਆਪੇ ਹੀ ਖਿੱਚ ਲੈਂਦੇ ਸਨ। ਏਥੇ ਤਾਂ ਛਾਉਣੀ ਦੀਆਂ ਸਾਰੀਆਂ ਸੰਗਤਾਂ ਵਿਚ ਪਹਿਲਾਂ ਹੀ ਧੁੰਮ ਮਚ ਗਈ ਸੀ, ਹਰੀ ਨਾਮੇ ਦੀ ਜੁੜਤਾ ਵਿਚ ਜੁੜਨਹਾਰੇ ਅੰਮ੍ਰਿਤ ਵੇਲੇ ਉਠਣ ਦੇ ਆਸ਼ਕ ਜਨ ਦੋ ਵਜੇ ਤੋਂ ਹੀ ਸੌਚ ਇਸ਼ਨਾਨ ਕਰ ਕੇ ਤੇ ਨਿਤਨੇਮ ਬਾਣੀ ਨਾਮ ਦੇ ਰੰਗ ਚਾੜ੍ਹ ਕੇ ਜਿਉਂ ਜਿਉਂ ਆ ਕੇ ਸਮਾਗਮ ਵਿਚ ਜੁੜਦੇ ਜਾਣ, ਤਿਉਂ ਤਿਉਂ ਕੀਰਤਨ-ਆਤਮ-ਰੰਗਾਂ ਦੀ ਖੇਡ ਦੂਣ ਸਵਾਈ ਖੜੀ ਜਾਵਣ ਲਗੀ। ਪਤਾ ਨਹੀਂ ਕਦੋਂ ਪਹੁ ਫੁਟੀ, ਕਦੋਂ ਦਿਨ ਚੜ੍ਹਿਆ ਅਤੇ ਕਿਡੇ ਦਿਨ ਚੜ੍ਹੇ ਕੀਰਤਨ ਦਾ ਭੋਗ ਪਿਆ। ਇਸ ਸਾਰੇ ਸਮੇਂ ਵਿਚ ਅੰਮ੍ਰਿਤ ਵੇਲਾ ਹੀ ਪ੍ਰਤੀਤ ਹਵੇ, ਨਾ ਧੁੱਪਾਂ ਚੜ੍ਹੀਆਂ ਦੀ ਸੂਝ, ਨਾ ਵਕਤ ਘੜੀਆ ਦੇਖਣ ਦੀ ਸੂਝ

*ਭਾਈ ਗੁਰਦਾਸ ਜੀ, ਵਾਰ ੯, ਪਉੜੀ ੧੮



www.AKJ.Org

ਕਿਸੇ ਨੂੰ ਰਹੀ। ਗੱਲ ਕੀ, ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪੈਣ ਸਾਰ ਹੀ, ਅਰਦਾਸਾ ਹੁੰਦੇ ਸਾਰ ਸ੍ਰੀ ਅਖੰਡ ਪਾਠ ਦਾ ਅਰੰਭ ਹੋ ਗਿਆ। ਇਸੇ ਅਖੰਡ ਪਾਠ ਸਮਾਗਮ ਦਾ ਸਾਰਾ ਵਿਸਥਾਰ ਸਹਿਤ ਸਮਾਚਾਰ ਸ੍ਰੀ ਭਾਈ ਹਰਿਬਚਨ ਸਿੰਘ ਵਾਲੇ ਬ੍ਰਿਤਾਂਤ ਵਿਚ ਅੰਕਿਤ ਹੈ, ਉਸੇ ਲੜੀ ਤੋਂ ਹੀ ਸਾਰਾ ਆਨੰਦ ਮਾਣਿਆ ਜਾ ਸਕਦਾ ਹੈ। ਏਥੇ ਤਾਂ ਇਤਨਾ ਜ਼ਿਕਰ ਕਰਨਾ ਹੀ ਬਹੁਤੇਰਾ ਹੈ ਕਿ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਸਾਰ ਹੀ (ਜੋ ਦੂਜੀ ਰਾਤ ਅੰਮ੍ਰਿਤ ਵੇਲੇ ਚਾਰ ਵਜੇ ਦੇ ਲਗ ਪਗ ਪਿਆ) ਫੇਰ ਅਖੰਡ ਪਾਠ ਆਰੰਭ ਹੋ ਗਿਆ। ਅਖੰਡ ਪਾਠ ਦੇ ਭੋਗ ਪਿਛੋਂ, ਜੋ ਪਤਾ ਨਹੀਂ ਕਿਸ ਵਕਤ ਪਿਆ, ਨਾਲ ਲਗਦੇ ਉਸੇ ਮੰਡਲ ਵਿਚ ਹੀ ਅੰਮ੍ਰਿਤ-ਸੰਚਾਰ ਆਰੰਭ ਹੋ ਗਿਆ। ਹੋਰ ਸਾਰੀਆਂ ਸੰਗਤਾਂ ਸਰੋਤੇ ਜਨ, ਭੋਗ ਪ੍ਰਸ਼ਾਦ ਲੈ ਲੈ ਕੇ ਮੰਡਲ ਤੋਂ ਬਾਹਰ ਵਿਚਰ ਗਏ, ਮੰਡਲ ਦੇ ਅੰਦਰਵਾਰ ਅੰਮ੍ਰਿਤ ਛਕਣ ਛਕਾਉਣਹਾਰੇ ਪ੍ਰੇਮੀ ਜਨ ਹੀ ਰਹਿ ਗਏ। ਅਰੂੜ੍ਹ ਰੰਗਾਂ ਵਿਚ ਅਰੂੜ੍ਹ ਹੋਏ ਪੰਜੇ ਅਖੰਡ ਪਾਠੀਆਂ ਨੂੰ ਹੀ ਪੰਜਾਂ ਪਿਆਰਿਆਂ ਵਿਚ ਲਿਆ ਗਿਆ, ਜਿਨ੍ਹਾਂ ਵਿਚ ਇਕ ਇਹ ਹੌਸਲੇ ਵੀਰ ਸ੍ਰੀ ਭਾਈ ਗੁਰਬਖ਼ਸ਼ ਸਿੰਘ ਜੀ ਵੀ ਸਨ। ਜੋ ਜੋ ਕਲਾ ਵਰਤੀ, ਜੋ ਜੋ ਕੌਤਕ ਹੋਏ, ਓਹ ਸ੍ਰੀ ਭਾਈ ਹਰਿਬਚਨ ਸਿੰਘ ਜੀ ਦੇ ਬ੍ਰਿਤਾਂਤ ਵਿਚ ਵਰਨਣ ਕੀਤੇ ਹਨ।

## ਪਟਿਆਲੇ ਦਾ ਸਮਾਗਮ -

ਸਮਾਗਮ ਦੀ ਲਹਿਰ ਬਹਿਰ ਪਿਛੋਂ ਹੋਰ ਸਭ ਸਜਣ ਤਾਂ ਆਪੋ ਆਪਣੇ ਸੰਸਾਰ ਵਿਹਾਰੀ ਰੰਗਾਂ ਵਿਚ ਲਗ ਗਏ, ਪ੍ਰਮਾਰਥੀ ਰੰਗਾਂ ਵਿਚ ਜੁਟੇ ਹੋਏ ਇਧਰੇ ਹੀ ਜੁਟੇ ਹੋਏ ਇਧਰੇ ਹੀ ਜੁਟੇ ਰਹੇ। ਸਿਰੀ ਵੀਰ ਸਰਵਣ ਸਿੰਘ ਜੀ, ਵੀਰ ਵਰਿਆਮ ਸਿੰਘ ਜੀ, ਗੁਰਮੁਖ ਪਿਆਰੇ ਵੀਰ ਸਿਰੀ ਭਾਈ ਗੁਰਬਖਸ਼ ਸਿੰਘ ਜੀ ਅਤੇ ਭਾਈ ਲਾਲ ਸਿੰਘ ਜੀ, ਚਹੁੰਆਂ ਸੱਜਣਾਂ ਦਿਆਂ ਹਿਰਦਿਆਂ ਅੰਦਰ ਇਕ-ਲਖਤ ਹੀ ਇਕੋ ਵਾਰ ਇਹ ਲਹਿਰ ਉਠੀ, ਅੰਦਰੋ ਅੰਦਰ ਹੀ ਇਹ ਪ੍ਰੇਰਨਾ ਸਫੁਰਨ ਹੋਈ ਕਿ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਇਕ-ਦਮ ਪਧਾਰਿਆ ਜਾਵੇ। ਐਸੀ ਅਸਚਰਜ ਖੇਡ ਵਰਤੀ ਕਿ ਐਨ ਉਸੇ ਸਮੇਂ ਹੀ ਬਿਨਾਂ ਕਿਸੇ ਦੇ ਪੁਛੇ ਗਿਛੇ ਸਿਰੀ ਵੀਰ ਪਿਆਰਾ ਸਿੰਘ ਜੀ (ਅੱਜ ਕਲ੍ਹ ਦੇ ਕਰਨੈਲ ਪਿਆਰਾ ਸਿੰਘ ਜੀ) ਅਤੇ ਸਿਰੀ ਬਾਬੂ ਮੱਲ ਸਿੰਘ ਜੀ ਨੇ ਸਾਡੇ ਸਾਰਿਆਂ ਲਈ ਅੰਤਰਗਤੀ ਹੀ ਵਾਚਨਾ ਵਾਚ ਕੇ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਮਾਇਆ ਆਣ ਹਾਜ਼ਰ ਕੀਤੀ। ਐਨ ਉਸੇ ਸਮੇਂ ਹੀ ਅਸਾਨੂੰ ਪਟਿਆਲੇ ਵਲੋਂ ਇਹ ਆਤਮ-ਵਾਇਰਲੈੱਸ ਵਸੂਲ ਹੋਈ ਕਿ ਸਾਰਾ ਜੁੜਿਆ ਜੁੜਾਇਆ ਜਥਾ ਪਟਿਆਲੇ ਆਵੇ ਅਤੇ ਆ ਕੇ ਸ੍ਰੀ ਅਖੰਡ ਪਾਠ ਆਰੰਭ ਕਰੇ। ਮੋਗਾ ਨਿਵਾਸੀ ਸਿਰੀ ਭਾਈ ਆਤਮਾ ਸਿੰਘ ਜੀ (ਜਿਨ੍ਹਾਂ ਦਾ ਨਾਮ ਹਰਦਮ ਆਤਮ-ਰੰਗਾਂ ਵਿਚ ਮਸਤ-ਅਲਮਸਤ ਰਹਿਣ ਕਰਕੇ ਅਵਧੂਤ ਆਤਮਾ ਸਿੰਘ ਪੈ ਗਿਆ ਸੀ) ਪਹਿਲਾਂ ਹੀ ਪਟਿਆਲੇ ਤੋਂ ਇਸ ਨਮਿਤ ਆ ਹਾਜ਼ਰ ਹੋਏ ਸਨ, ਛਾਉਣੀ ਅੰਬਾਲਾ ਦੇ ਸਾਰੇ ਅਨੰਦੀ ਸਮਾਗਮ ਵਿਚ ਜੁੜਦੇ ਰਹੇ ਸਨ। ਚਾਹੇ ਸਾਰਿਆਂ ਦੀ ਖਿਚ ਪਟਿਆਲੇ ਸਮਾਗਮ ਜਾਣ ਖ਼ਾਤਰ ਪ੍ਰਗਟ ਹੋ ਚੁਕੀ ਸੀ, ਪਰ ਫੇਰ ਵੀ ਹੱਠ-ਧਰਮੀ ਸਿਰੀ ਭਾਈ ਸਰਵਣ ਸਿੰਘ ਜੀ ਦਾ ਇਹੀ ਹੱਠ ਕਾਇਮ ਰਿਹਾ ਕਿ ਸ੍ਰੀ ਹਜ਼ੂਰ ਸਾਹਿਬ ਜਾਣ ਦਾ ਸੰਕਲਪ ਹੋ ਚੁਕਾ ਹੈ, ਉਹ ਪੂਰਾ ਕਰਕੇ ਆਵਣਾ ਹੈ। ਉਨ੍ਹਾਂ ਦੇ ਨਾਲ ਹੀ ਹਾਂ ਦੇ ਵਿਚ ਹਾਂ ਮਿਲਾਵਣ ਵਾਲੇ ਭਾਈ ਵਰਿਆਮ ਸਿੰਘ ਜੀ ਵੀ ਸ੍ਰੀ ਹਜ਼ੂਰ ਸਾਹਿਬ ਜਾਣ ਵਾਲੇ ਗੁਰਮਤੇ ਵਿਚ ਸਹਿਮਤ ਹੋ ਗਏ। ਭਾਈ ਗੁਰਬਖ਼ਸ਼ ਸਿੰਘ ਤੇ ਲਾਲ ਸਿੰਘ ਵੀ ਨਾਲੇ ਤਿਆਰ ਹੋ ਪਏ। ਸਾਡੀਆਂ ਤਣਾਵਾਂ ਪਟਿਆਲੇ ਸਮਾਗਮ ਵਲ ਪ੍ਰਬਲ ਖਿਚੀਦੀਆਂ ਜਾ ਚੁਕੀਆਂ ਸਨ। ਅਸੀਂ ਪਟਿਆਲੇ ਵਲ ਨੂੰ ਤੁਰ ਪਏ ਅਤੇ ਬੜੀ ਖ਼ੁਸ਼ੀ ਨਾਲ ਸ੍ਰੀ ਹਜ਼ੂਰ ਸਾਹਿਬ ਯਾਤ੍ਰਾ ਦੀ ਖਿਚ ਵਾਲੇ ਚਹੁੰਆਂ ਗੁਰਮੁਖ ਜਨਾਂ ਨੂੰ ਇਜਾਜ਼ਤ ਦੇ ਦਿਤੀ ਕਿ ਤੁਸੀਂ ਆਪਣੀ ਧੁਨੀ ਪੂਰੀ ਕਰ ਆਵੋ। ਪਰ ਅਖੰਡ ਪਾਠ ਦੇ ਭੋਗ ਤੋਂ ਪਹਿਲਾਂ ਤੁਸੀਂ ਖ਼ੁਦ ਹੀ ਪਟਿਆਲੇ ਦੌੜ ਆਵੋਗੇ। ਭਾਈ ਗੁਰਬਖ਼ਸ਼ ਸਿੰਘ ਬਧੇ ਰੁਧੇ ਚਹੁੰਆਂ ਯਾਤਰੂਆਂ ਦੇ ਨਾਲ ਟੁਰ ਪਏ, ਪਰ ਉਨ੍ਹਾਂ ਦੀ ਅੰਤ੍ਰੀਵੀ ਰੁਚੀ ਏਧਰੇ ਅਸਾਡੇ ਨਾਲ ਹੀ ਸੀ।

ਅੰਬਾਲੇ ਛਾਉਣੀ ਤੋਂ ਅਸੀਂ ਵਿਦਾ ਹੋਏ। ਪਟਿਆਲੇ ਪਹੁੰਚਣ ਸਾਰ ਹੀ ਅਖੰਡ ਕੀਰਤਨ ਦੀਆਂ ਜਾ ਝੜੀਆਂ ਲਾਈਆਂ। ਸਿਰੀ ਭਾਈ ਜੋਗਿੰਦਰ ਸਿੰਘ ਜੀ, ਸਿਰੀ ਬੀਬੀ ਹਰਬੰਸ ਕੌਰ ਸਮੇਤ ਗਦ ਗਦ ਤੇ ਨਿਹਾਲ ਨਿਹਾਲ ਹੋ ਗਏ। ਪਟਿਆਲੇ ਨਿਵਾਸੀ ਅਗੰਮੀ ਖਿਚ ਪਾਣ ਵਾਲੀਆਂ ਹੋਰ ਵੀ ਨਿੱਕੀਆਂ ਵਡੀਆਂ ਅਰੂੜ੍ਹੀਆਂ ਜਿੰਦਾਂ



www.AKJ.Org

ਤੁਰਤ ਫੁਰਤ ਆ ਜੁੜੀਆਂ। ਨਿਕੜੀਆਂ ਜਿੰਦੜੀਆਂ ਤੇ ਵਡਿਆਂ ਸਾਕਿਆਂ ਵਾਲੇ ਗੁਪਤ ਭੌਰੜੇ (ਜੋ ਇਸ ਸਮਾਗਮ ਦੇ ਰੂਹੇ-ਰੂਹਾਨ ਸਨ, ਜਿਨ੍ਹਾਂ ਦੀ ਖਿਚ ਨਾਲ ਇਹ ਪ੍ਰਬਲਤਾ ਵਰਤੀ ਸੀ) ਵੀ ਆ ਨਮੂਦਾਰ ਹੋਏ। ਆਤਮ-ਵਿਗਾਸੀ, ਅਨੰਦ-ਕੇਲ-ਕੀਰਤਨੀ ਖ਼ੂਬ ਮੌਜਾਂ ਬਝੀਆਂ। ਉਧਰਲੇ ਚਹੁੰਆਂ ਹਜ਼ੂਰ ਸਾਹਿਬ ਦੇ ਯਾਤਰੂਆਂ ਨਾਲ ਇਹ ਖੇਲ ਵਰਤੀ ਕਿ ਉਹ ਹਜ਼ੂਰ ਸਾਹਿਬ ਪੁਜ ਤਾਂ ਗਏ, ਪਰ ਪੁਜਣ ਸਾਰ ਹੀ ਉਨ੍ਹਾਂ ਨੇ ਪਿਛੇ ਮੋੜੇ ਘਤ ਲਏ। ਉਨ੍ਹਾਂ ਦਾ ਇਕ ਨਿਮਖ ਮਾਤਰ ਵੀ ਉਥੇ ਰਹਿਣ ਨੂੰ ਜੀਅ ਨਾ ਕੀਤਾ, ਗੁਰੂ ਕਰਤਾਰ ਜਾਣੇ ਇਹ ਖੇਡ ਕਿਵੇਂ ਵਰਤੀ। ਪਰ ਸਾਨੂੰ ਤਾਂ ਓਦੋਂ ਹੀ ਪਤਾ ਲਗਾ, ਪਤਾ ਲੱਗਣ ਸਾਰ ਅਸੀਂ ਦੰਗ ਰਹਿ ਗਏ, ਜਦੋਂ ਪਟਿਆਲੇ ਵਾਲੇ ਭੋਗ ਤੇ ਅਖੰਡ ਕੀਰਤਨ ਵਿਚਕਾਰ ਉਹ ਚਾਰੇ ਯਾਤਰੂ ਮਰਜੀਵੜੇ ਵੀ ਆ ਜੁੜੇ। ਭਾਈ ਗੁਰਬਖ਼ਸ਼ ਸਿੰਘ ਜੀ ਤਾਂ ਬੜੀ ਬਿਹਬਲਤਾ ਸਹਿਤ ਆਣ ਤੁਠੇ। ਜਦੋਂ ਦੇ ਅੰਬਾਲੇ ਤੋਂ ਵਿਛੜੇ ਸਨ, ਵੀਰ ਗੁਰਬਖਸ਼ ਜੀ ਨੇ ਬਿਰਹੋਂ-ਵਿਛੋੜੇ ਵਿਚ ਕੁੱਠੇ ਹੋਏ ਕੁਛ ਵੀ ਖਾਨ ਪਾਨ ਨਹੀਂ ਕੀਤਾ ਸੀ। ਵੀਰ ਗੁਰਬਖ਼ਸ਼ ਸਿੰਘ ਜੀ ਦੇ ਮੁਖਾਰਬਿੰਦ ਉਤੇ ਹੋਰ ਵੀ ਦਸ ਗੁਣੇ ਆਤਮ-ਚਲੂਲੇ-ਰੰਗ ਚੜ੍ਹੇ ਹੋਏ ਜਿਨ੍ਹਾਂ ਨੂੰ ਦੇਖਣਹਾਰੇ, ਵੇਖਣ ਸਾਰ ਹੀ ਮੌਲ ਉਠਦੇ ਸਨ। ਇਸ ਕੀਰਤਨ ਸਮਾਗਮ ਵਿਚ ਆ ਕੇ ਮੌਜ-ਮਸਤੀਜੜੇ ਸਿਰੀ ਭਾਈ ਗੁਰਬਖ਼ਸ਼ ਸਿੰਘ ਜੀ ਦੀ ਜੁੜਨ ਦੀ ਢਿਲ ਹੀ ਸੀ, ਕੀਰਤਨ-ਰੰਗ-ਵਲਵਲਾ ਅਕੱਥਨੀਜ ਮੌਜ-ਧੁਨੀਆਂ ਵਿਚ ਗੂੰਜ ਉਠਿਆ, ਸਰੋਤੇ ਜਨਾਂ ਦੀ ਸਾਰੀ ਸੰਗਤ ਗੜੂੰਦ ਹੋ ਗਈ। ਪਤਾ ਨਹੀਂ ਕਦੋਂ ਅਤੇ ਕਿਹੜ ਸਮੇਂ ਭੰਗ ਪਿਆ। ਇਤਨਾ ਯਾਦ ਹੈ ਕਿ ਲੁਧਿਆਣੇ ਤੋਂ ਆਏ ਆਤਮ-ਰੰਗੀ ਪਰਤੱਖ ਸੁਨੇਹੜੇ ਭਰੀ ਸੰਗਤ ਵਿਚ ਦਿਤੇ ਜਾਣੇ ਆਰੰਭ ਹੋਏ, ਜਿਸ ਦਾ ਸੰਖੇਪ ਮਾਤ੍ਰ ਇਉਂ ਵਰਨਣ ਹੈ :

ਲੁਧਿਆਣੇ ਮਾਲਵਾ ਖਾਲਸਾ ਹਾਈ ਸਕੂਲ ਦੇ ਸਾਰੇ ਵਾਯੂ-ਮੰਡਲ ਵਿਚ ਇਕ ਸੱਨਾਟਾ ਜਿਹਾ ਛਾਇਆ ਹੋਇਆ ਹੈ ਕਿ ਭਾਈ ਗੁਰਬਖ਼ਸ਼ ਸਿੰਘ ਲਾਲ ਸਿੰਘ ਜੀ ਆਦਿਕ ਪੰਖੜੂ ਖ਼ਬਰ ਨਹੀਂ ਕਿਤ ਵਲ ਉਡਾਰੀ ਮਾਰ ਗਏ ਸਨ। ਭਾਈ ਗੁਰਬਖ਼ਸ਼ ਸਿੰਘ ਜੀ ਦੇ ਪਿਤਾ ਜੀ, ਜੋ (ਬੜੇ ਹੀ ਗੁਰਮੁਖ ਜਨ ਸਨ ਅਤੇ ਜੋ ਬੰਨੂ ਨਿਵਾਸੀ ਇਕ ਸਰਹੱਦੀ ਸਿਖ ਫ਼ੌਜ ਵਿਚ ਉਘੇ ਗ੍ਰੰਥੀ ਪ੍ਰਸਿਧ ਸਨ) ਬੰਨੂ ਤੋਂ ਚਲ ਕੇ ਲੁਧਿਆਣਾ ਹਾਈ ਸਕੂਲ ਦੇ ਪ੍ਰਬੰਧਕਾਂ ਪਾਸ ਆਇ ਪਹੁੰਚੇ ਸਨ ਕਿ ਭੁਜੰਗੀ ਛੇਤੀ ਹੀ ਮਿਲਾ ਦਿਓ। ਪਤਾ ਨਹੀਂ ਉਨ੍ਹਾਂ ਨੂੰ ਕਿਵੇਂ ਖ਼ਬਰ ਮਿਲੀ, ਲੁਧਿਆਣਾ ਹਾਈ ਸਕੂਲ ਵਿਚੋਂ ਭਾਈ ਗੁਰਬਖ਼ਸ਼ ਸਿੰਘ ਜੀ ਦੇ ਗੁੰਮ ਹੋਣ ਦੀ। ਇਧਰ ਫਲੇਵਾਲ ਦੇ ਅਖੰਡ ਪਾਠ ਦੇ ਸਮਾਗਮ ਤੋਂ ਗੁਪਤੋ ਗੁਪਤੀ ਗੁੰਮ ਹੋ ਜਾਣ ਦੀ ਸਰੋਤ ਨੇ ਚਾਰ ਚੁਫੇਰੇ ਸਾਰੇ ਸਿਖ ਤਬਕੇ ਵਿਚ ਇਹ ਗੱਲ ਧੁਮਾ ਦਿੱਤੀ ਹੋਈ ਸੀ ਕਿ ਕਿਸੇ ਅਜ਼ਗੈਬੀ ਕੋਨੇ ਵਿਚ ਫਲੇਵਾਲ ਤੋਂ ਉਡ ਕੇ ਉਡਣਹਾਰੇ ਉਡਾਰੀ ਮਾਰ ਗਏ ਹਨ। ਇਹ ਸੁਧ ਬੁਧ ਕਿਸੇ ਨੂੰ ਭੀ ਨਹੀਂ ਮਿਲੀ ਕਿ ਕਿਧਰ ਨੂੰ ਗਏ ਹਨ। ਮਨੋ ਮਨੀ ਅਤੇ ਆਤਮੋ-ਆਤਮੀ ਜੱਥੇ ਦੇ ਇਕ ਦੋ ਮਹਿਰਮ-ਰਾਜ਼-ਅਰੂੜ੍ਹ ਇਹ ਗੱਲ ਜਾਂਚ ਗਏ ਸਨ ਕਿ ਹੋਵੇ ਨ ਹੋਵੇ ਇਸ ਸਾਰੀ ਗੁਪਤ ਖੇਡ ਦਾ ਭੇਤ ਪਟਿਆਲੇ ਜਾ ਕੇ ਖੁਲ੍ਹੇਗਾ। ਇਸ ਕਰਕੇ ਸੰਦੇਸੜੇ ਪਟਿਆਲੇ ਅਖੰਡ ਪਾਠ ਸਮਾਗਮ ਤੇ ਆਣ ਪੁਜੇ ਸਨ। ਸਿਰੀ ਭਾਈ ਗੁਰਬਖ਼ਸ਼ ਸਿੰਘ ਜੀ ਦੀ ਅੰਤਰਗਤੀ ਰੁਚੀ ਮੁੜ ਸਕੂਲੇ ਜਾਣ ਦੀ ਨਹੀਂ ਸੀ, ਪਰੰਤੂ ਉਹ ਸੰਗਤ ਦੇ ਫ਼ੈਸਲੇ ਦੇ ਅਧੀਨ ਆਗਿਆ ਪਾਲਣ ਨੂੰ ਤਤਪਰ ਸਨ। ਸਾਰੀ ਸੰਗਤ ਵਿਚ ਬੜੀ ਗੰਭੀਰਤਾ ਤੇ ਗੌਰਵਤਾ ਸਹਿਤ ਵੀਚਾਰ ਹੋਈ ਕਿ ਇਨ੍ਹਾਂ ਭੁਜੰਗੀਆਂ ਦਾ ਮੁੜ ਸਕੂਲੇ ਜਾਣਾ ਠੀਕ ਹੈ ਜਾਂ ਕਿਵੇਂ ਹੋਰਵੇਂ ? ਓੜਕ ਸਰਬ ਸੰਮਤੀ ਨਾਲ ਇਹ ਫ਼ੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਮਰ ਵਾਕ ਇਸ ਪ੍ਰਥਾਇ ਲਿਆ ਜਾਵੇ। ਤਾਂ ਤੇ ਵਾਕ ਲਿਆ ਗਿਆ, ਉਸ ਵਾਕ ਦੀ ਇਹ ਤੁਕ ਮੈਨੂੰ ਯਾਦ ਹੈ, ਜੋ ਹੁਣ ਤਕ ਰੜਕਦੀ ਰਹੀ—'ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ'* । ਇਸ ਗੁਰਵਾਕ ਦੀ ਰੌਸ਼ਨੀ ਅੰਦਰ ਸਾਰੀ ਸੰਗਤ ਦੀ ਸੰਮਤੀ ਇਹ ਹੋਈ ਕਿ ਅਜੇ ਇਸ ਮਰਜੀਵੜੇ ਗੁਰਬਖ਼ਸ਼ ਸਿੰਘ ਜੀ ਦੀ ਸਤਿਸੰਗਤ ਸਪਰਸ਼ ਦੀ ਪਾਰਸ ਕਲਾ ਦੁਆਰਾ ਹੋਰ ਵੀ ਵਿਦਿਆਰਥੀ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹਨਗੇ। ਤਾਂ ਤੇ ਮੁੜ ਕੇ ਭੁਜੰਗੀ ਗੁਰਬਖ਼ਸ਼ ਸਿੰਘ ਜੀ ਹੋਰਾਂ ਨੂੰ ਲੁਧਿਆਣੇ ਖਾਲਸਾ ਹਾਈ ਸਕੂਲ ਵਿਚ ਲੈ ਜਾਣਾ ਹੀ ਪਰਮ ਸੁਖਦਾਈ ਅਤੇ ਲਾਭਦਾਇਕ ਹੈ। ਇਹ ਫ਼ੈਸਲਾ ਸੁਣ ਕੇ ਲੁਧਿਆਣੇ ਤੋਂ ਸੰਦੇਸ਼ਾ ਲਿਆਵਣ ਵਾਲੇ ਦੂਤਾਂ ਦੀ ਖ਼ੁਸ਼ੀ ਦੀ ਕੋਈ ਹਦ ਨ ਰਹੀ। ਉਹ ਤੁਰਤੋ ਫੁਰਤੀ ਹੀ ਓਥੋਂ ਮੁੜ ਗਏ, ਲੁਧਿਆਣੇ ਜਾਇ ਸ਼ੁਭ ਖ਼ਬਰ ਸਣਾਈ, ਕਿ ਭੁਜੰਗੀ ਗੁਰਬਖ਼ਸ਼ ਸਿੰਘ ਜੀ ਹੋਰੀਂ ਮੁੜ ਆ ਰਹੇ ਹਨ। [ਚਲਦਾ]



* ਭੈਰਉ ਮਹਲਾ ੩, ਪਨਾ ੧੧੩੩

www.AKJ.Org

# ਨਨਕਾਣੇ ਦੀ ਸਿੱਕ

[ਪਾਂਧੀ ਨਨਕਾਣਵੀ]

ਤੇਰੇ ਪ੍ਰਗਟ ਦਿਹਾੜੇ ਨੂੰ ਜਾਣ ਦਾਤਾ, ਖ਼ੁਸ਼ੀ ਗ਼ਮੀ ਦੇ ਹੋਏ ਸਾਮਾਨ ਪੈਦਾ।
ਦਿਲ ਖੁਸਦੈ, ਕਿਸੇ ਦੀ ਯਾਦ ਅੰਦਰ, ਆਸਾਂ ਵਿਚੋਂ ਨੇ ਹੋਏ ਅਰਮਾਨ ਪੈਦਾ।
ਜਦੋਂ ਯਾਦ ਆਵੇ 'ਜਨਮ-ਅਸਥਾਨ' ਵਾਲੀ, ਮੇਰੇ ਦਿਲ ਵਿਚ ਹੁੰਦੇ ਤੂਫ਼ਾਨ ਪੈਦਾ।
ਹਾਇ, ਜੋਤ ਅਜ ਓਸ ਥਾਂ ਬਾਲ ਸਕਦਾ, ਜਿਥੇ ਹੋਇਆ ਸੀ ਅੱਜ ਭਗਵਾਨ ਪੈਦਾ।
ਜੇ ਕਰ ਮੈਨੂੰ ਤੂੰ ਜੁਗਨੂੰ ਬਣਾਏਂ ਬਾਬਾ, ਤੇਰੇ ਮੰਦਰਾਂ ਤਾਈਂ ਰੁਸ਼ਨਾ ਲਵਾਂ ਮੈਂ।
ਮਿਲੇ ਅਜ ਨਨਕਾਣੇ ਦੀ ਧੂੜ ਜੇਕਰ, ਲਾ ਕੇ ਮੱਥੇ ਤੇ ਭਾਗ ਚਮਕਾ ਲਵਾਂ ਮੈਂ।

ਭੁੱਲੜ 'ਪਾਂਧੇ' ਨੂੰ ਪਟੀ ਪੜ੍ਹਾਉਣ ਵਾਲੇ, 'ਪਟੀ ਸਾਹਿਬ' ਅੱਜ ਅੱਖਾਂ ਤੋਂ ਦੂਰ ਹੋਇਐ।
'ਕਿਆਰਾ ਸਾਹਿਬ' ਤੇ 'ਮਾਲ ਜੀ' ਸਾਹਿਬ ਖੁਸੇ,ਜ਼ੱਰਾ ਜ਼ੱਰਾ ਸੀ ਜਿਥੋਂ ਦਾ ਨੂਰ ਹੋਇਐ।
'ਤੰਬੂ ਸਾਹਿਬ' ਦੇ ਟੁੱਟੇ ਮੀਨਾਰ ਹੋਸਨ, ਦਿਲ ਏਸ ਲਈ ਚਕਨਾ-ਚੂਰ ਹੋਇਐ।
'ਬਾਲ ਲੀਲ੍ਹਾ' ਸੀ ਅੱਖੀਆਂ ਮੇਰੀਆਂ ਲਈ, ਜਿਵੇਂ 'ਮੂਸੇ' ਲਈ ਨੂਰ ਕੋਹਤੂਰ ਹੋਇਐ।
ਜ਼ੱਰਾ ਜ਼ੱਰਾ ਨਨਕਾਣੇ ਦਾ ਪਿਆ ਟੁੰਬੇ, ਬਿਨਾ-ਪੰਖ ਉਡਾਰੀਆਂ ਲਾ ਲਵਾਂ ਮੈਂ।
ਮਿਲੇ ਅੱਜ ਨਨਕਾਣੇ ਦੀ ਧੂੜ ਜੇਕਰ, ਲਾ ਕੇ ਮੱਥੇ ਤੇ ਭਾਗ ਚਮਕਾ ਲਵਾਂ ਮੈਂ।

ਧੰਨ ਭਾਗ ਨੇ ਉਹਨਾਂ ਹੀ ਪਿਆਰਿਆਂ ਦੇ, ਜਿਹੜੇ ਤੇਰੇ ਦਰਬਾਰ ਦੀ ਖ਼ਾਕ ਹੋ ਗਏ।
ਜਲਦੀ ਸ਼ਮ੍ਹਾ ਤੇ ਵਾਂਗ ਪਰਵਾਨਿਆਂ ਦੇ, ਸੜ ਸੜ ਕੇ ਸਦਾ ਲਈ ਰਾਖ ਹੋ ਗਏ।
ਜੀਵਨ-ਗੇੜ ਚੁਰਾਸੀ ਦੇ ਗਏ ਕਟੇ, ਹੈਂਕੜ-ਬਾਜ਼ ਕਈ ਹਉਮੈ ਤੋਂ ਪਾਕ ਹੋ ਗਏ।
ਜਿਨ੍ਹਾਂ ਤਰੇ ਦਰਬਾਰ ਦੀ ਝੱਲਕ ਤੱਕੀ, ਉਹ ਤਾਂ ਤੇਰੇ ਈ ਦਵਾਰੇ ਦੇ ਚਾਕ ਹੋ ਗਏ।
ਲਗੀ ਮੈਨੂੰ ਦੀਦਾਰ ਦੀ ਲਟਕ ਇਕੋ, ਸ਼ਾਲਾ, ਏਸੇ ਹੀ ਜਨਮ ਵਿਚ ਪਾ ਲਵਾਂ ਮੈਂ।
ਮਿਲੇ ਅੱਜ ਨਨਕਾਣੇ ਦੀ ਧੂੜ ਜੇਕਰ, ਲਾ ਕੇ ਮੱਥੇ ਤੇ ਭਾਗ ਚਮਕਾ ਲਵਾਂ ਮੈਂ।

ਨਾਲ ਸ਼ਰਮ ਦੇ ਸਿਰ ਨਾ ਚੁੱਕ ਸਕਾਂ, ਜਦੋਂ ਕਰਾਂ ਮੈਂ ਯਾਦ 'ਦਲੀਪ' ਤਾਈਂ।
'ਲਛਮਣ ਸਿੰਘ' ਦੀ ਰੂਹ ਪਈ ਕੂਕ ਆਖੇ, ਸਿੰਘੋ, ਭੁਲੋ ਨਾ ਵੀਰਾਂ ਦੇ ਦੀਦ ਤਾਈਂ।
ਅਜੇ ਫੂਲ ਸ਼ਹੀਦਾਂ ਦੇ ਹੈਨ ਤਾਜ਼ਾ, ਜ਼ਰਾ ਪੁੱਛ ਲਓ 'ਗੰਜਿ ਸ਼ਹੀਦ' ਤਾਈਂ।
ਅਜੇ 'ਖ਼ੂਨੀ ਚੁਬੱਚਾ' ਹੈ ਲਾਲ ਓਵੇਂ, ਸਿੱਖੀ ਮਿਲਦੀ ਜਿਥੇ ਮੁਰੀਦ ਤਾਈਂ।
ਸ਼ਮ੍ਹਾ ਜਲੀ 'ਤਲਵੰਡੀ' ਦੀ ਜੂਹ ਅੰਦਰ, ਜਿੰਦੜੀ ਨਿੱਕੀ ਜਿਹੀ ਘੋਲ ਘੁਮਾ ਲਵਾਂ ਮੈਂ।
ਮਿਲੇ ਅੱਜ ਨਨਕਾਣੇ ਦੀ ਧੂੜ ਜੇਕਰ, ਲਾ ਕੇ ਮੱਥੇ ਤੇ ਭਾਗ ਚਮਕਾ ਲਵਾਂ ਮੈਂ।

---

# ਗੁਰਬਾਣੀ ਕੰਠ ਅਤੇ ਕੀਰਤਨ ਮੁਕਾਬਲੇ

ਭਾ: ਉਜਾਗਰ ਸਿੰਘ ਖਾਲਸਾ ਗੁਰਮਤਿ ਪ੍ਰਚਾਰ ਟ੍ਰਸਟ ਫਰਵਾਲੀ ਵਲੋਂ ਪ੍ਰਾਇਮਰੀ ਤੋਂ ਬੀ. ਏ. ਤਕ ਪੜ੍ਹਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਪਿਛਲੇ ਸਾਲਾਂ ਵਾਂਗ ਗੁਰਬਾਣੀ ਕੰਠ, ਗੁਰ-ਇਤਿਹਾਸ ਬਾਰੇ ਜਾਣਕਾਰੀ ਅਤੇ ਕੀਰਤਨ ਗਾਇਨ ਮੁਕਾਬਲੇ ਗੌਰਮਿੰਟ ਹਾਈ ਸਕੂਲ ਫਰਵਾਲੀ ਜ਼ਿਲਾ ਸੰਗਰੂਰ ਵਿਖੇ 9 ਤੇ 10 ਜਨਵਰੀ 1993 ਨੂੰ ਹੋਣਗੇ। ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ 500 ਰੁਪਏ ਤੋਂ 1200/- ਤਕ ਦੇ ਨਕਦ ਇਨਾਮ ਦਿਤੇ ਜਾਣਗੇ। ਇਨ੍ਹਾਂ ਵਰਵਿਆਂ ਦੀ ਪੂਰੀ ਜਾਣਕਾਰੀ ਹੇਠ ਲਿਖੇ ਪਤੇ ਤੋਂ ਛੇਤੀ ਮੰਗਵਾ ਲਓ ਅਤੇ ਮੰਗੇ ਵੇਰਵੇ ਪੂਰ ਕਰ ਕੇ ਇਸੇ ਪਤੇ ਤੇ ਹਰ ਹਾਲਤ ਵਿਚ 15.12.92 ਤਕ ਪਹੁੰਚਾਣੇ ਜ਼ਰੂਰੀ ਹਨ—

ਸ: ਬਾਬੂ ਸਿੰਘ ਲੈਕਚਰਾਰ, ਗੌ: ਸੀਨੀਅਰ ਸੈਕੰਡਰੀ ਸਕੂਲ, ਸੰਦੌੜ ਜ਼ਿਲਾ ਸੰਗਰੂਰ



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੦)

ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ,
ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਏ ਹੈਂ ॥
ਪ੍ਰੇਮ ਰਸ ਅੰਮ੍ਰਿਤ-ਨਿਧਾਨ ਪਾਨ ਕੈ ਮਦੋਨ,
ਰਸਨਾ ਥਕਤ ਭਈ, ਕਹਿਤ ਨ ਆਏ ਹੈਂ ॥
ਜਗਮਗ ਪ੍ਰੇਮ ਜੋਤਿ ਅਤਿ ਅਸਚਰਜ ਮੈ,
ਲੋਚਨ ਚਕਿਤ ਭਏ ਹੇਰਤ ਹਿਰਾਏ ਹੈਂ ॥
ਰਾਗ ਨਾਦ ਬਾਦ ਬਿਸਮਾਦ ਪ੍ਰੇਮ ਧੁਨਿ ਸੁਨਿ,
ਸ੍ਰਵਨ ਸੁਰਤਿ ਬਿਲੈ ਬਿਲੈ ਬਿਲਾਏ ਹੈਂ ॥੧੮॥੫੨॥

**ਪਦ ਅਰਥ :** ਬਚਨ—ਬਾਣੀ। ਕਰਮ—ਕਰਣੀ। ਇਕਤ੍ਰ ਭਏ—ਇਕਾਗਰ ਹੋਣ ਨਾਲ। ਬਿਸਮ—ਅਸਚਰਜ ਰੂਪ ਵਾਹਿਗੁਰੂ। ਸ੍ਰਬੰਗ ਮੈ—ਸਭਨਾਂ ਵਿਚ ਵਿਆਪਕ ਪ੍ਰਭੂ ਵਿਚ। ਅੰਮ੍ਰਿਤ ਨਿਧਾਨ—ਨਾਮ-ਅੰਮ੍ਰਿਤ ਦਾ ਖ਼ਜ਼ਾਨਾ। ਪਾਨ ਕੈ—ਪੀਣ ਨਾਲ। ਮਦੋਨ—ਮਸਤੁਲ ਮਸਤ। ਥਕਤ ਭਈ—ਥਕ ਜਾਂਦੀ ਹੈ, ਹਟ ਜਾਂਦੀ ਹੈ। ਅਤਿ ਅਸਚਰਜ ਮੈ—ਬਹੁਤ ਹੀ ਅਸਚਰਜ ਰੂਪ। ਲੋਚਨ—ਨੇਤਰ, ਅੱਖਾਂ। ਚਕਿਤ—ਚਕ੍ਰਿਤ, ਹੈਰਾਨ। ਹੇਰਤ—ਵੇਖ ਕੇ। ਹਿਰਾਏ ਹੈ—ਹੈਰਾਨ ਹੋਈਦਾ ਹੈ। ਰਾਗ ਨਾਦ—ਰਾਗ ਦਾ ਸੰਗੀਤ। ਬਾਦ—ਵਾਜੇ। ਬਿਸਮਾਦ—ਅਲੌਕਿਕ। ਸ੍ਰਵਨ ਸੁਰਤਿ—ਕੰਨਾਂ ਦੀ ਸੁਣਨ-ਸ਼ਕਤੀ। ਬਿਲੈ—ਲੀਨ ਕਰਨਾ। ਬਿਲਾਏ ਹੈ—ਨਾਸ਼ ਹੋ ਜਾਂਦੀ ਹੈ, ਮਿਟ ਜਾਂਦੀ ਹੈ।

**ਅਰਥ :** ਮਨ, ਬਾਣੀ ਤੇ ਕਰਮਾਂ ਕਰਕੇ ਇਕਾਗਰ ਹੋਣ ਨਾਲ, ਗੁਰੂ ਦਾ ਸ਼ਰਧਾਵਾਨ ਸਨਮੁਖ ਸੇਵਕ ਆਪਣੇ ਹਰੇਕ ਅੰਗ ਨੂੰ ਬਿਸਮਾਦ ਰੂਪ ਸਰਬ-ਵਿਆਪੀ ਵਾਹਿਗੁਰੂ ਵਿਚ ਸਮਾਈ ਰਖਦਾ ਹੈ।

ਨਾਮ-ਅੰਮ੍ਰਿਤ-ਨਿਧਾਨ ਦੇ ਪ੍ਰੇਮ-ਰਸ ਨੂੰ ਪੀਣ ਨਾਲ ਉਹ ਮਸਤੁਲ ਮਸਤ ਹੋਇਆ ਰਹਿੰਦਾ ਹੈ। ਉਸ ਦੀ ਰਸਨਾ (ਹੋਰ ਰਸਾਂ ਕਸਾਂ ਦੇ ਰਸ ਤੋਂ) ਹਾਰ-ਹੁਟ ਜਾਂਦੀ ਹੈ (ਅਤੇ ਜਿਸ ਅਲੌਕਿਕ ਨਾਮ-ਰਸ ਦੇ ਕਾਰਨ ਉਹ ਖੀਵਾ ਹੋਇਆ ਹੁੰਦਾ ਹੈ, ਉਹ ਰਸ) ਕਹਿਣ ਵਿਚ ਨਹੀਂ ਆ ਸਕਦਾ।

ਉਨ੍ਹਾਂ ਦੇ ਅੰਦਰ ਨਾਮ-ਸਿਮਰਨ ਦੇ ਪ੍ਰੇਮ ਦੀ ਜੋਤੀ ਬਹੁਤ ਹੀ ਅਸਚਰਜ ਰੂਪ ਵਿਚ ਲਟ ਲਟ ਜਗਮਗਾ ਉਠਦੀ ਹੈ, ਜਿਸ ਨੂੰ ਵੇਖ ਕੇ ਨੇਤਰ ਚਕ੍ਰਿਤ ਹੋ ਜਾਂਦੇ ਹਨ ਅਤੇ ਵੇਖ ਕੇ ਹੈਰਾਨ ਹੋ ਜਾਈਦਾ ਹੈ।

ਕੰਨਾਂ ਦੀ ਸੁਣਨ-ਸ਼ਕਤੀ ਨਾਮ-ਸਿਮਰਨ-ਪ੍ਰੇਮ ਦੀ ਅਲੌਕਿਕ ਧੁਨੀ ਸ੍ਰਵਣ ਕਰ ਕੇ, ਉਸ ਅਨੰਦ-ਅਵਸਥਾ ਵਿਚ ਲੀਨ ਹੋ ਜਾਂਦੀ ਹੈ ਅਤੇ ਹੋਰ ਬਾਹਰਲੇ ਵਾਜਿਆਂ ਦੇ ਰਾਗ-ਸੰਗੀਤ ਨੂੰ ਸ੍ਰਵਣ ਕਰਨ ਵਾਲੀ ਸੁਰਤੀ ਮਿਟ ਜਾਂਦੀ ਹੈ।੧੮।੫੨।

ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ,
ਪੂਰਨ ਪਰਮ ਪਦ ਪ੍ਰੇਮ ਪ੍ਰਗਟਾਏ ਹੈ ॥
ਲੋਚਨ ਮੈ ਦ੍ਰਿਸਟਿ ਦਰਸ ਰਸ ਗੰਧਿ ਸੰਧਿ,
ਸ੍ਰਵਨ ਸਬਦ ਸੁਰਤਿ ਗੰਧ ਰਸ ਪਾਏ ਹੈ ॥
ਰਸਨਾ ਮੈ ਰਸ ਗੰਧ ਸਬਦ ਸੁਰਤਿ ਮੇਲਿ,
ਨਾਸ ਬਾਸ ਰਸ ਸ੍ਰੁਤਿ ਸਬਦ ਲਖਾਏ ਹੈ ॥
ਰੋਮ ਰੋਮ ਰਸਨਾ ਸ੍ਰਵਨ ਦ੍ਰਿਗ ਨਾਸਾ ਕੋਟਿ,
ਖੰਡ ਬ੍ਰਹਮੰਡ ਪਿੰਡ ਪ੍ਰਾਨ ਮੈ ਜਤਾਏ ਹੈ ॥੧੯॥੫੩॥

**ਪਦ ਅਰਥ :** ਬਚ—ਬਚਨ, ਬਾਣੀ। ਕਰਮ—ਕਰਣੀ। ਇਕਤ੍ਰ ਭਏ—ਇਕ-ਸੁਰ (ਇਕਾਗਰ) ਹੋਣ


www.AKJ.Org

ਨਾਲ। ਪੂਰਨ ਪਰਮ ਪਦ—ਮਹਾਨ ਉਚੀ ਅਵਸਥਾ ਵਾਲੀ ਪਦਵੀ। ਪ੍ਰੇਮ—ਪ੍ਰੇਮ ਰਸ। ਲੋਚਨ ਮੈ—ਅੱਖਾਂ ਵਿਚ। ਦ੍ਰਿਸਟਿ-ਦ੍ਰਿਸ਼ਟੀ, ਨਜ਼ਰ। ਗੰਧਿ ਸੰਧਿ—ਸੁਗੰਧੀ ਦੇ ਮੇਲ ਕਰਕੇ । ਸ੍ਰਵਨ—ਕੰਨ । ਬਾਸ—ਵਾਸ਼ਨਾ, ਸੁਗੰਧੀ। ਸ੍ਰਤਿ—ਸੁਰਤੀ। ਲਖਾਏ ਹੈ—ਪ੍ਰਗਟ ਹੁੰਦੀ ਹੈ । ਦ੍ਰਿਗ—ਨੇਤਰ । ਨਾਸਾ—ਨਾਸਕਾ । ਕੋਟਿ—ਕਰੋੜਾਂ। ਪਿੰਡ—ਸਰੀਰ। ਜਤਾਏ ਹੈ—ਜਾਣ ਲੈਂਦਾ ਹੈ।

**ਅਰਥ :** ਸਤਿਗੁਰੂ ਦੀ ਹਜ਼ੂਰੀ ਮਾਣਨ ਵਾਲਾ ਗੁਰਸਿਖ, ਮਨ, ਬਾਣੀ ਤੇ ਕਰਮਾਂ ਕਰਕੇ ਇਕ-ਚਿਤ ਹੋਣ ਸਦਕਾ, ਨਾਮ-ਸਿਮਰਨ ਦੇ ਪ੍ਰੇਮ-ਰਸ ਨੂੰ ਪ੍ਰਾਪਤ ਕਰਦਾ ਅਤੇ ਮਹਾਨ ਉਚੀ ਆਤਮਕ ਬ੍ਰਿਤੀ ਵਾਲੇ ਮਰਤਬੇ ਨੂੰ ਪਾ ਲੈਂਦਾ ਹੈ।

(ਉਸ ਦੇ) ਨੇਤਰਾਂ ਵਿਚ ਨਾਮ-ਰਸ ਦੀ ਸੁਗੰਧੀ ਦੇ ਮੇਲ ਕਾਰਨ ਸਤਿਗੁਰੂ ਦੇ ਦਰਸ਼ਨਾਂ ਵਾਲੀ ਦ੍ਰਿਸ਼ਟੀ ਸਮਾਈ ਹੁੰਦੀ ਹੈ ਅਤੇ ਸ਼ਬਦ ਸੁਰਤ ਦੇ ਮੇਲ ਸਦਕਾ ਕੰਨਾਂ ਵਿਚ ਨਾਮ-ਰਸ ਦੀ ਸੁਗੰਧੀ ਹੀ ਛਾਈ ਰਹਿੰਦੀ ਹੈ।

ਸ਼ਬਦ ਸੁਰਤ ਦੇ ਮੇਲ ਕਰਕੇ ਉਸ ਦੀ ਜੀਭ ਵਿਚ ਨਾਮ-ਰਸ ਦੀ ਸੁਗੰਧੀ ਭਰਪੂਰ ਹੁੰਦੀ ਹੈ ਅਤੇ ਸ਼ਬਦ ਸੁਰਤ ਦੇ ਮੇਲ ਸਦਕਾ ਹੀ ਨਾਮ-ਰਸ ਦੀ ਵਾਸ਼ਨਾ ਉਸ ਦੀ ਨਾਸਕਾ ਵਿਚ ਪ੍ਰਗਟ ਹੋ ਰਹੀ ਹੁੰਦੀ ਹੈ।

(ਇਸ ਤਰ੍ਹਾਂ) ਰੋਮ ਰੋਮ ਕਰਕੇ ਹਰਿ ਧਿਆਉਂਦਾ ਹੋਇਆ ਜੀਭ, ਕੰਨਾਂ, ਨੇਤਰਾਂ ਅਤੇ ਨਾਸਕਾ ਸਭਨਾਂ ਵਿਚ ਨਾਮ-ਰਸ ਦੀ ਸੁਗੰਧੀ ਛਾਈ ਹੋਣ ਸਦਕਾ ਗੁਰਮੁਖ, ਕਰੋੜਾਂ ਖੰਡਾਂ ਬ੍ਰਹਮੰਡਾਂ (ਵਿਚ ਵਸਦੇ ਪ੍ਰਭੂ ਨੂੰ) ਜਾਣ ਲੈਂਦਾ ਹੈ ।੧੯।੫੩।

ਪੂਰਨ ਬ੍ਰਹਮ ਆਪਿ ਆਪਨ ਹੀ ਆਪੁ ਸਾਜਿ,
ਆਪਨ ਰਚਿਓ ਹੈ ਨਾਉ ਆਪ ਹੀ ਬਿਚਾਰ ਕੈ ॥
ਆਦਿ ਗੁਰ ਦੁਤੀਆ ਗੋਬਿੰਦ ਨਾਮ ਕੈ ਕਹਾਇਓ,
ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ ॥
ਗੁਰਮੁਖਿ ਨਾਦ ਬੇਦ ਗੁਰਮੁਖਿ ਪਾਵੈ ਭੇਦ,
ਗੁਰਮੁਖਿ ਲੀਲ੍ਹਾ ਧਾਰੀ ਅਨਿਕ ਅਉਤਾਰ ਕੈ ॥
ਗੁਰੂ ਗੋਬਿੰਦ ਅਉ ਗੋਬਿੰਦ ਗੁਰੂ ਏਕ-ਮੇਕ,
ਓਤਿ ਪੋਤਿ ਸੂਤ੍ਰ ਗਤਿ ਅੰਬਰ ਉਚਾਰ ਕੈ ॥੨੦॥੫੪॥

**ਪਦ ਅਰਥ :** ਪੂਰਨ ਬ੍ਰਹਮ—ਸਰਬ-ਕਲਾ-ਸਮਰੱਥ ਵਾਹਿਗੁਰੂ। ਆਪਿ—ਆਪ ਹੀ । ਸਾਜਿ—ਸਾਜਿਆ, ਰਚਿਆ। ਆਦਿ ਗੁਰੂ—ਵਾਹਿਗੁਰੂ। ਦੁਤੀਆ—ਦੂਜਾ। ਗੁਰਮੁਖਿ—ਮੁਖੀ ਗੁਰੂ, ਵਾਹਿਗੁਰੂ। ਨਾਦ ਬੇਦ—ਵੇਦਾਂ ਦਾ ਉਪਦੇਸ਼। ਲੀਲ੍ਹਾ ਧਾਰੀ—ਕੌਤਕ ਰਚਨਹਾਰ। ਅਨਿਕ ਅਉਤਾਰ ਕੈ—ਕਈ ਜਾਮਿਆਂ ਵਿਚ। ਏਕ ਮੇਕ—ਇਕ-ਮਿਕ, ਇਕ-ਰੂਪ। ਅਉ—ਅਤੇ। ਓਤਿ ਪੋਤਿ—ਤਾਣਾ ਪੇਟਾ। ਗਤਿ—ਵਾਂਗ। ਅੰਬਰ—ਕਪੜਾ । ਉਚਾਰ ਕੈ—ਉਚਾਰਨ ਵਿਚ ਕਹਿਣ ਮਾਤਰ ਹੀ।

**ਅਰਥ :** ਸਰਬ-ਕਲਾ-ਸਮਰੱਥ ਵਾਹਿਗੁਰੂ ਨੇ ਆਪ ਹੀ ਆਪਣਾ ਆਪ (ਆਕਾਰ ਰੂਪ ਵਿਚ) ਸਾਜਿਆ ਹੈ ਅਤੇ ਆਪ ਹੀ ਵਿਚਾਰ ਕੇ ਆਪਣਾ ਨਾਂ (ਗੁਰੂ ਨਾਨਕ) ਰਚਿਆ ਹੈ। ["ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥" (ਪੰਨਾ ੧੪੦੮) ]।

ਆਦਿ ਗੁਰੂ (ਵਾਹਿਗੁਰੂ) ਨੇ ਆਪਣਾ ਦੂਜਾ ਨਾਂ 'ਗੋਬਿੰਦ' ਕਰਕੇ ਕਹਾਇਆ ਹੈ। ਮੁਖੀ ਗੁਰੂ ਵਾਹਿਗੁਰੂ ਦੀ ਰਚਨਾ ਕਰਕੇ, ਨਿਰਾਕਾਰ ਓਅੰਕਾਰ ਨੇ ਸਾਕਾਰ (ਗੁਰੂ) ਰੂਪ ਧਾਰਨ ਕੀਤਾ ਹੈ।

ਮੁਖੀ ਗੁਰੂ ਵਾਹਿਗੁਰੂ (ਆਪ ਹੀ) ਵੇਦਾਂ ਦਾ ਉਪਦੇਸ਼ ਹੈ ਅਤੇ ਵਾਹਿਗੁਰੂ (ਆਪ ਹੀ) ਉਨ੍ਹਾਂ ਦਾ ਭੇਦ ਪਾਉਂਦਾ ਹੈ। ["ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ।"]। ਵਾਹਿਗੁਰੂ (ਆਪ ਹੀ) ਲੀਲ੍ਹਾ-ਧਾਰੀ ਹੋ ਕੇ ਕਈ ਜਾਮਿਆਂ ਵਿਚ ਪ੍ਰਗਟ ਹੋਇਆ ਹੈ।


www.AKJ.Org

ਜਿਵੇਂ ਕਪੜੇ ਵਿਚ ਸੂਤਰ ਦਾ ਤਾਣਾ ਤੇ ਪੇਟਾ ਕਹਿਣ ਮਾਤਰ ਹੀ (ਵਖ ਵਖ) ਹੁੰਦਾ ਹੈ ਤਿਵੇਂ ਗੁਰੂ ਤੇ ਗੋਬਿੰਦ ਅਤੇ ਗੋਬਿੰਦ ਤੇ ਗੁਰੂ ਇਕ-ਰੂਪ ਹਨ ।੨੦।੫੪।

**ਜੈਸੇ ਬੀਜ ਬੋਏ ਹੋਤ ਬਿਰਖ ਬਿਥਾਰ ਗੁਰੁ**
**ਪੂਰਨ ਬ੍ਰਹਮ ਨਿਰੰਕਾਰ ਏਕੰਕਾਰ ਹੈ ॥**
**ਜੈਸੇ ਏਕ ਬਿਰਖ ਸੈ ਹੋਤ ਹੈ ਅਨੇਕ ਫਲ,**
**ਤੈਸੇ ਗੁਰਸਿਖ ਸਾਧ ਸੰਗਤਿ ਅਕਾਰ ਹੈ ॥**
**ਦਰਸ ਧਿਆਨ ਗੁਰੁ ਸਬਦ ਗਿਆਨ ਗੁਰੁ,**
**ਨਿਰਗੁਨ ਸਰਗੁਨ ਬ੍ਰਹਮ ਬੀਚਾਰ ਹੈ ॥**
**ਗਿਆਨ ਧਿਆਨ ਬ੍ਰਹਮ-ਸਥਾਨ ਸਾਵਧਾਨ, ਸਾਧ**
**ਸੰਗਤਿ ਪ੍ਰਸੰਗ ਪ੍ਰੇਮ ਭਗਤਿ ਉਧਾਰ ਹੈ ॥੨੧॥੫੫॥**

**ਪਦ ਅਰਥ :** ਬੋਇ—ਬੀਜਿਆਂ । ਬਿਰਖ—ਬ੍ਰਿਛ, ਰੁਖ । ਬਿਥਾਰ—ਵਿਸਥਾਰ । ਪੂਰਨ ਬ੍ਰਹਮ—ਸਰਬ-ਕਲਾ-ਸਮਰੱਥ ਵਾਹਿਗੁਰੂ । ਨਿਰੰਕਾਰ—ਨਿਰ-ਅਕਾਰ ਵਾਹਿਗੁਰੂ । ਏਕੰਕਾਰ—ਇਕ ਬ੍ਰਹਮ । ਬ੍ਰਹਮ ਸਥਾਨ—ਵਾਹਿਗੁਰੂ ਦਾ ਨਿਵਾਸ ਅਸਥਾਨ । ਸਾਵਧਾਨ—ਇਕਾਗਰ-ਚਿਤ । ਪ੍ਰਸੰਗ—ਸੰਗਤ, ਮੇਲ । ਪ੍ਰੇਮ ਭਗਤਿ—ਪ੍ਰੇਮਾ ਭਗਤੀ, ਪੂਰਨ ਪ੍ਰੇਮ ਨਾਲ ਕੀਤੀ ਭਗਤੀ । ਉਧਾਰ ਪਾਰ-ਉਤਾਰਾ ।

**ਅਰਥ :** ਜਿਵੇਂ ਬੀਜ ਬੀਜਿਆਂ ਬ੍ਰਿਛ ਦਾ ਵਿਸਥਾਰ ਹੁੰਦਾ ਹੈ ਤਿਵੇਂ ਹੀ ਸਰਬ-ਕਲਾ-ਸਮਰੱਥ ਵਾਹਿਗੁਰੂ ਦੇ ਨਿਰਾਕਾਰ ਤੇ ਇਕ-ਬ੍ਰਹਮ ਰੂਪ ਤੋਂ ਸਤਿਗੁਰੂ ਦੇ ਸਾਕਾਰ ਰੂਪ ਦਾ ਵਿਕਾਸ ਹੋਇਆ ਜਾਣੋ ।

ਜਿਸ ਤਰ੍ਹਾਂ ਇਕ ਬ੍ਰਿਛ ਤੋਂ ਬਗਿਣਤ ਫਲ ਪੈਦਾ ਹੁੰਦੇ ਹਨ ਇਸੇ ਤਰ੍ਹਾਂ (ਇਕ ਸਤਿਗੁਰੂ ਤੋਂ) ਅਨੇਕਾਂ ਗੁਰਸਿੱਖਾਂ ਦਾ ਸਮੂਹ—ਸਾਧ ਸੰਗਤ—ਦਾ ਅਕਾਰ ਸਮਝੋ ।

ਵਾਹਿਗੁਰੂ ਦੇ ਪਰਤੱਖ ਸਰੂਪ ਸਤਿਗੁਰੂ ਦੇ ਦਰਸ਼ਨ, ਸਤਿਗੁਰੂ ਦੇ ਬਖ਼ਸ਼ੇ ਸ਼ਬਦ (ਗੁਰ-ਮੰਤਰ) ਦਾ ਅਭਿ-ਆਸ ਅਤੇ ਪਾਰਬ੍ਰਹਮ ਵਾਹਿਗੁਰੂ ਦੇ ਨਿਰਗੁਣ ਸਰੂਪ ਦੀ ਵੀਚਾਰ ਹੀ, ਵਾਹਿਗੁਰੂ ਦੀ ਸਰਗੁਣ ਵੀਚਾਰ ਹੈ ।

ਵਾਹਿਗੁਰੂ ਦੇ ਨਿਵਾਸ-ਅਸਥਾਨ ਸਾਧ ਸੰਗਤ ਨਾਲ ਮਿਲ ਕੇ ਗੁਰੂ ਦੇ ਗਿਆਨ ਤੇ ਧਿਆਨ ਵਿਚ ਸਾਵਧਾਨ ਹੋ ਕੇ ਪ੍ਰੇਮਾ-ਭਗਤੀ ਦੁਆਰਾ ਹੀ ਪਾਰ-ਉਤਾਰਾ ਹੁੰਦਾ ਹੈ ।੨੧।੫੫।

**ਫਲ ਮੂਲ ਮੂਲ ਫਲ, ਮੂਲ ਫਲ ਫਲ ਮੂਲ,**
**ਆਦਿ ਪਰਮਾਦਿ ਅਰ ਅੰਤ ਕੈ ਅਨੰਤ ਹੈ ॥**
**ਪਿਤ ਸੁਤ ਸੁਤ ਪਿਤ, ਸੁਤ ਪਿਤ ਪਿਤ ਸੁਤ,**
**ਉਤਪਤਿ ਗਤਿ ਅਤਿ ਗੂੜ ਮੂਲ ਮੰਤ ਹੈ ॥**
**ਪਥਿਕ ਬਸੇਰਾ ਕੋ ਨਿਬੇਰਾ ਜਿਉ ਨਿਕਸ ਬੈਠ,**
**ਇਤ ਉਤ ਵਾਰ ਪਾਰ ਸਰਿਤਾ ਸਿਧੰਤ ਹੈ ॥**
**ਪੂਰਨ ਬ੍ਰਹਮ ਗੁਰੁ ਗੋਬਿੰਦ ਗੋਬਿੰਦ ਗੁਰੁ,**
**ਅਬਿਗਤਿ ਗਤਿ ਸਿਮਰਤ ਸਿਖ ਸੰਤ ਹੈ ॥੨੨॥੫੬॥**

**ਪਦ ਅਰਥ :**—ਮੂਲ—ਮੂਲ ਰੂਪ ਬੀਜ । ਆਦਿ—ਅਰੰਭ । ਪਰਮਾਦਿ—ਪਰਮ ਆਦਿ, ਅਰੰਭ ਤੋਂ ਵੀ ਪਹਿਲਾਂ ਦਾ । ਅਨਤ—ਅੰਤ ਤੋਂ ਪਰੇ । ਸੁਤ—ਪੁਤਰ । ਉਤਪਤਿ ਗਤਿ—ਉਤਪਤੀ ਦੀ ਮਰਯਾਦਾ । ਮੂਲ ਮੰਤ—ਨਿਰਣਾ । ਥਿਕ ਬਸੇਰਾ—ਰਾਹੀ ਦਾ ਵਾਸਾ । ਨਿਬੇਰਾ—ਨਿਰਣਾ । ਇਤ—ਇਧਰ । ਉਤ—ਉਧਰ । ਵਾਰ—ਉਰਵਾਰ । ਸਰਿਤਾ—ਨਦੀ । ਸਿਧੰਤ—ਸਿਧਾਂਤ ਸਿਧ ਹੋਣਾ । ਪੂਰਨ ਬ੍ਰਹਮ—ਸਰਬ-ਕਲਾ-ਸਮਰੱਥ ਬ੍ਰਹਮ । ਅਬਿਗਤਿ—ਅਦ੍ਰਿਸ਼ਟ, ਨਾ ਜਾਣੀ ਜਾਣ ਵਾਲੀ । ਸਿਮਰਤ—ਹੈ ਸਿਮਰਦਾ ਹੈ, ਸਮਝਦਾ ਹੈ । ਸਿਖ ਸੰਤ—ਗੁਰਮੁਖ ।


www.AKJ.Org

**ਅਰਥ :** ਫਲ ਤੋਂ ਬੀਜ ਤੇ ਬੀਜ ਤੋਂ ਫਲ ਹੁੰਦਾ ਹੈ। ਇਸੇ ਤਰ੍ਹਾਂ ਫਿਰ ਬੀਜਾਂ ਤੋਂ ਫਲ ਅਤੇ ਫਲਾਂ ਤੋਂ ਬੀਜ ਹੁੰਦੇ ਰ'ਹੰਦੇ ਹਨ। ਉਤਪਤੀ ਦਾ ਸਿਲਸਿਲਾ ਅਰੰਭ ਤੋਂ, ਅਤੇ ਅਰੰਭ ਤੋਂ ਵੀ ਪਹਿਲਾਂ ਦਾ ਚਲ ਰਿਹਾ ਹੈ। ਇਸ ਸਿਲਸਿਲੇ ਦਾ ਅੰਤ ਵੀ ਅੰਤ ਤੋਂ ਪਰੇ ਹੈ।

ਪਿਤਾ ਤੋਂ ਪੁੱਤਰ ਹੁੰਦਾ ਹੈ ਅਤੇ ਫਿਰ ਉਹ ਪੁੱਤਰ (ਵੱਡਾ ਹੋ ਕੇ ਆਪਣੇ) ਪੁੱਤਰ ਦਾ ਪਿਤਾ ਬਣਦਾ ਹੈ। ਇਸ ਤਰ੍ਹਾਂ ਪੁੱਤਰ-ਪਿਤਾ ਅਤੇ ਪਿਤਾ-ਪੁੱਤਰ ਦਾ ਸਿਲਸਿਲਾ ਚਲਦਾ ਰਹਿੰਦਾ ਹੈ। ਉਤਪਤੀ ਦੀ ਇਹ ਮਰਯਾਦਾ ਬਹੁਤ ਹੀ ਗੂੜ੍ਹੀ ਰਮਜ਼ ਭਰੀ ਹੈ।

ਜਿਸ ਤਰ੍ਹਾਂ ਰਾਹੀ ਦੇ ਟਿਕਾਣੇ ਦਾ ਨਿਬੇੜਾ (ਬੇੜੀ ਵਿਚੋਂ) ਨਿਕਲਣ ਅਤੇ ਬੈਠਣ ਵਿਚ ਹੈ, (ਭਾਵ, ਬੇੜੀ ਵਿਚੋਂ ਉਤਰਨ ਅਤੇ ਬੇੜੀ ਵਿਚ ਸਵਾਰ ਹੋਣ ਤੋਂ ਹੈ), ਨਦੀ ਦੇ ਇਧਰ ਉਧਰ ਜਾਣ ਤੇ, ਨਦੀ ਦਾ ਉਰਾਰਲਾ ਪਾਰਲਾ ਪਾਸਾ ਸਿਧ ਹੁੰਦਾ ਹੈ। (ਭਾਵ, ਇਸ ਕਿਨਾਰੇ ਤੋਂ ਉਸ ਕਿਨਾਰੇ ਵਲ ਜਾਈਏ ਤਾਂ ਇਹ ਪਾਸਾ ਉਰਾਰ ਅਖਵਾਂਦਾ ਹੈ ਅਤੇ ਜੇ ਉਸ ਕਿਨਾਰੇ ਤੋਂ ਇਸ ਕਿਨਾਰੇ ਵਲ ਆਈਏ ਤਾਂ ਉਹ ਪਾਸਾ ਪਾਰ ਅਖਵਾਂਦਾ ਹੈ। ਇਉਂ ਦੋਵੇਂ ਪਾਸੇ ਕਦੇ ਉਰਾਰ ਅਖਵਾਂਦੇ ਹਨ ਕਦੇ ਪਾਰ)।

(ਉਪਰ ਦਿਤੇ ਪ੍ਰਮਾਣਾਂ ਵਾਂਗ) ਸਰਬ-ਕਲਾ-ਸਮਰੱਥ ਬ੍ਰਹਮ ਗੁਰੂ ਵਾਹਿਗੁਰੂ ਹੈ ਅਤੇ ਵਾਹਿਗੁਰੂ ਗੁਰੂ ਹੈ। ਇਸ ਨਾ-ਜਾਣੀ ਜਾ ਸਕਣ ਵਾਲੀ ਗਤੀ ਨੂੰ ਸਿਖ-ਸੰਤ (ਗੁਰਮੁਖ) ਹੀ ਜਾਣ ਸਕਦਾ ਹੈ।੨੨।੫੬।

ਗੁਰਮੁਖਿ ਪੰਥ ਗਹੇ ਜਮਪੁਰ ਪੰਥ ਮੇਟੇ,
ਗੁਰਸਿਖ ਸੰਗਿ ਪੰਚ ਦੂਤ ਸੰਗ ਤਿਆਗੇ ਹੈ॥
ਚਰਨ ਸਰਨ ਗੁਰ ਕਰਮ ਭਰਮ ਖੋਏ,
ਦਰਸ ਅਕਾਲ ਕਾਲ ਕੰਟਕ ਭੈ ਭਾਗੇ ਹੈ॥
ਗੁਰ ਉਪਦੇਸ ਵੇਸਿ ਬੱਜਰ ਕਪਾਟ ਖੁਲੇ
ਸਬਦ ਸੁਰਤਿ ਮੂਰਛਤ ਮਨ ਜਾਗੇ ਹੈ॥
ਕਿੰਚਤ ਕਟਾਛ ਕ੍ਰਿਪਾ ਸਰਬ ਨਿਧਾਨ ਪਾਏ,
ਜੀਵਨ ਮੁਕਤਿ ਗੁਰ ਗਯਾਨਿ ਲਿਵ ਲਾਗ ਹੈ॥੨੩॥੫੭॥

**ਪਦ ਅਰਥ :** ਗੁਰਮੁਖਿ ਮਾਰਗ—ਗੁਰਮੁਖਾਂ ਵਾਲਾ ਰਾਹ, ਗੁਰਸਿੱਖੀ ਮਾਰਗ। ਗਹੇ—ਫੜਿਆਂ। ਪੰਥ—ਰਾਹ, ਪੈਂਡਾ। ਪੰਚ ਦੂਤ—ਪੰਜ ਚੋਰ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਕਰਮ ਭਰਮ—ਕਰਮਾਂ ਦੇ ਭਰਮ। ਕਾਲ ਕੰਟਕ—ਕਾਲ ਰੂਪੀ ਦੁਖਦਾਈ ਕੰਡਾ। ਭੈ—ਡਰ। ਵੇਸਿ—ਧਾਰਿਆਂ। ਬੱਜਰ ਕਪਾਟ—ਪੱਥਰ ਵਰਗੇ ਕਰੜੇ ਦਰਵਾਜ਼ੇ। ਮੂਰਛਤ—ਬਸੁਧ ਹੋਇਆ। ਕਿੰਚਤ—ਰਤਾ ਜਿੰਨੀ। ਕਟਾਛ ਕ੍ਰਿਪਾ—ਕਿਰਪਾ ਦ੍ਰਿਸ਼ਟੀ। ਨਿਧਾਨ—ਖ਼ਜ਼ਾਨੇ। ਗੁਰ ਗਿਆਨ—ਗੁਰੂ ਦਾ ਉਪਦੇਸ਼, ਗੁਰ ਸ਼ਬਦ।

**ਅਰਥ :** ਗੁਰਸਿੱਖੀ ਮਾਰਗ ਫੜਿਆਂ ਜਮਪੁਰੀ ਦਾ ਪੈਂਡਾ ਮੁਕ ਜਾਂਦਾ ਹੈ ਅਤੇ ਗੁਰਸਿੱਖਾਂ ਦੀ ਸੰਗਤ ਕੀਤਿਆਂ ਪੰਜੇ ਦੂਤ (ਕਾਮ ਕ੍ਰੋਧ ਆਦਿਕ) ਸੰਗ ਛਡ ਜਾਂਦੇ ਹਨ।

ਸਤਿਗੁਰੂ ਦੇ ਚਰਨਾਂ ਦੀ ਓਟ ਲਿਆਂ ਕਰਮਾਂ ਦੇ ਭਰਮ ਮਿਟ ਜਾਂਦੇ ਹਨ ਅਤੇ ਅਕਾਲ ਪੁਰਖ ਸਰੂਪ ਸਤਿਗੁਰੂ ਦਾ ਦਰਸ਼ਨ ਪਰਸਿਆਂ ਕਾਲ ਰੂਪ ਦੁਖਦਾਈ ਕੰਡੇ ਦਾ ਡਰ ਚੁਕ ਜਾਂਦਾ ਹੈ।

ਸਤਿਗੁਰੂ ਦਾ ਉਪਦੇਸ਼ ਧਾਰਨ ਕੀਤਿਆਂ ਪੱਥਰ ਵਰਗੇ ਕਰੜੇ (ਆਸਾ ਤੇ ਅੰਦੇਸਾ ਦੇ) ਦਰਵਾਜ਼ੇ ਖੁਲ੍ਹ ਜਾਂਦੇ ਹਨ ਅਤੇ ਗੁਰ-ਸ਼ਬਦ (ਗੁਰ ਮੰਤਰ) ਵਿਚ ਸੁਰਤ ਜੋੜਿਆਂ (ਮਾਇਆ ਵਿਚ) ਬੇਸੁਧ ਹੋਇਆ ਮਨ ਸਾਵਧਾਨ ਹੋ ਜਾਂਦਾ ਹੈ।

ਸਤਿਗੁਰੂ ਦੀ ਰਤਾ ਕੁ ਮਿਹਰ ਦੀ ਨਜ਼ਰ ਨਾਲ ਸਾਰੇ ਖ਼ਜ਼ਾਨੇ ਮਿਲਦੇ ਹਨ ਅਤੇ ਗੁਰੂ-ਗਿਆਨ (ਗੁਰ-ਸ਼ਬਦ) ਵਿਚ ਲਿਵ ਲਾਇਆਂ ਜੀਵਨ-ਮੁਕਤੀ ਨੂੰ ਪ੍ਰਾਪਤ ਕਰੀਦਾ ਹੈ।੨੩।੫੭।



www.AKJ.Org

# ਸਿੱਖ ਧਰਮ ਵਿਚ ਹੁਕਮ

[ਡਾਕਟਰ ਫੌਜਾ ਸਿੰਘ ਜੀ]

ਹੁਕਮ ਦਾ ਸੰਕਲਪ ਸਿਖ ਧਰਮ ਦੇ ਮੁਢਲੇ ਸੰਕਲਪਾਂ ਵਿਚੋਂ ਹੈ, ਪਰ ਇਸ ਦਾ ਅਧਿਐਨ ਬਹੁਤ ਥੋੜਾ ਹੋਇਆ ਹੈ। ਜਿਨ੍ਹਾਂ ਵਿਦਵਾਨਾਂ ਨੇ ਅਧਿਐਨ ਵੀ ਕੀਤਾ ਹੈ, ਉਹਨਾਂ ਨੇ ਨਿਖਾਲਸ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਕੀਤਾ ਹੈ। ਸਿੱਖ ਮੱਤ ਵਿਚ ਇਸ ਦਾ ਕੀ ਵਿਸ਼ੇਸ਼ ਰੂਪ ਹੈ ਤੇ ਇਸ ਨੇ ਸਿਖ-ਅੰਦੋਲਨ ਦੇ ਵਿਕਾਸ ਵਿਚ ਕੀ ਰੋਲ ਅਦਾ ਕੀਤਾ ਹੈ, ਇਸ ਵਿਸ਼ੇ ਵੱਲ ਹੁਣ ਤਕ ਉੱਕਾ ਕੋਈ ਧਿਆਨ ਨਹੀਂ ਦਿੱਤਾ ਗਿਆ। ਮੇਰੇ ਇਸ ਸੰਖੇਪ ਨੋਟ ਦਾ ਮਨੋਰਥ ਕੇਵਲ ਸਿਖ ਧਰਮ ਦੇ ਵਿਦਵਾਨਾਂ ਦੀ ਰੁਚੀ ਇਸ ਮਹੱਤਵਪੂਰਨ ਵਿਸ਼ੇ ਵੱਲ ਖਿਚਣਾ ਹੈ, ਤਾਂ ਜੁ ਇਸ ਦਾ ਅਧਿਐਨ ਵਿਗਿਆਨਕ ਢੰਗ ਨਾਲ ਹੋ ਸਕੇ। ਇਹ ਖੋਜ-ਪੱਤਰ ਨਹੀਂ, ਇਸੇ ਲਈ ਇਸ ਵਿਚ ਕੋਈ ਫੁਟਨੋਟ, ਟੂਕਾਂ, ਟਿਪਣੀਆਂ ਤੇ ਕੁਟੇਸ਼ਨਾਂ ਨਹੀਂ ਦਿੱਤੀਆਂ ਗਈਆਂ।

ਹੁਕਮ ਦਾ ਚਿੰਤਨ ਹੁਕਮੀ, ਅਰਥਾਤ, ਹੁਕਮ ਦੇਣ ਵਾਲੇ ਤੋਂ ਬਗ਼ੈਰ ਨਹੀਂ ਹੋ ਸਕਦਾ। ਇਸ ਸੰਬੰਧ ਵਿਚ ਹੁਕਮੀ ਤੋਂ ਮੁਰਾਦ ਪਰਮ ਸਤਾ ਜਾਂ ਸਰਵੁੱਚ ਹਸਤੀ ਬਾਰੇ ਸਾਡਾ ਜੋ ਸੰਕਲਪ ਹੈ, ਹੁਕਮ ਦਾ ਸੰਕਲਪ ਅਵੱਸ਼ ਤੌਰ ਤੇ ਉਸ ਤੇ ਨਿਰਭਰ ਕਰੇਗਾ। ਜੇ ਇਸ ਬੁਨਿਆਦੀ ਨੁਕਤੇ ਨੂੰ ਮੰਨ ਕੇ ਚਲਿਆ ਜਾਏ, ਤਾਂ ਸਿਖ ਗੁਰੂਆਂ ਦਾ ਹੁਕਮ ਦਾ ਸੰਕਲਪ ਹਿੰਦੂ ਧਰਮ ਦੇ ਨਾਲ ਨੇੜੇ ਦਾ ਸੰਬੰਧ ਨਹੀਂ ਰੱਖਦਾ। ਵੈਦਕ ਧਰਮ, ਜੋ ਹਿੰਦੂ ਧਰਮ ਦਾ ਸਭ ਤੋਂ ਪਹਿਲਾ ਰੂਪ ਸੀ, ਬਹੁ-ਦੇਵ ਪੂਜਾ ਤੇ ਆਧਾਰਤ ਸੀ। ਰਿਗ ਵੇਦ ਦੇ ਮਗਰਲੇ ਭਾਗ ਵਿਚ ਇਕ ਪ੍ਰਮੁਖ ਦੇਵ ਦਾ ਸੰਕਲਪ ਵੀ ਸੰਕੇਤਕ ਰੂਪ ਵਿਚ ਮਿਲਦਾ ਹੈ, ਪਰ ਉਦੋਂ ਵੀ ਵਿਵਹਾਰਕ ਜੀਵਨ ਵਿਚ ਵੱਖ-ਵੱਖ ਦੇਵਤਿਆਂ ਦੀ ਪੂਜਾ ਤੇ ਹੀ ਜ਼ੋਰ ਦਿੱਤਾ ਜਾਂਦਾ ਰਿਹਾ। ਜਦੋਂ ਉਪਨਿਸ਼ਦਾਂ ਦੀ ਰਚਨਾ ਹੋਈ, ਤਾਂ ਇਕ ਪਰਮ ਸਤਾ, ਪਾਰਬ੍ਰਹਮ ਦਾ ਸੰਕਲਪ ਹਰ ਉਘੜਿਆ। ਪਰਤੂ ਉਪਨਿਸ਼ਦਾਂ ਵਿਚ ਪ੍ਰਸਪਰ ਭਿੰਨ-ਭੇਦ ਹੋਣ ਕਰਕੇ ਇਸ ਸੰਕਲਪ ਵਿਚ ਚੋਖੀ ਅਸਪੱਸ਼ਟਤਾ ਰਹਿ ਗਈ, ਜਿਸ ਦੇ ਅਧਾਰ ਤੇ ਪਿੱਛੋਂ ਜਿਹੇ ਛੇ ਸ਼ਾਸਤਰ ਜਾਂ ਦਰਸ਼ਨ ਹੋਂਦ ਵਿਚ ਆਏ। ਇਨ੍ਹਾਂ ਦਰਸ਼ਨਾਂ ਦੇ ਵਿਚਾਰਾਂ ਵਿਚ ਵੀ ਬਹੁਤ ਫ਼ਰਕ ਹੈ। ਸਾਂਖ ਸ਼ਾਸਤਰ ਈਸ਼ਵਰ ਦੀ ਹੋਂਦ ਹੀ ਨਹੀਂ ਮੰਨਦਾ। ਯੋਗ ਸ਼ਾਸਤ੍ਰ ਉਸ ਦੀ ਹਸਤੀ ਤੋਂ ਤਾਂ ਇਨਕਾਰੀ ਨਹੀਂ, ਪਰੰਤੂ ਉਹ ਉਸ ਨੂੰ ਪ੍ਰਕ੍ਰਿਤੀ ਤੇ ਜੀਵ ਆਤਮਾਵਾਂ ਦਾ ਕਰਤਾ ਨਹੀਂ ਮੰਨਦਾ, ਇਹ ਦੋਵੇਂ ਹਸਤੀਆਂ ਈਸ਼ਵਰ ਵਾਂਗ ਹੀ ਸਦੀਵੀ ਹਨ। ਵਿਸ਼ੇਸ਼ਕ ਤੇ ਨਯਾਯ ਸ਼ਾਸਤ੍ਰ ਈਸ਼ਵਰ ਨੂੰ ਸ੍ਰਿਸ਼ਟੀ ਦਾ ਨਿਮਿਤ ਕਾਰਨ ਮੰਨਦੇ, ਉਪਾਦਾਨ ਕਾਰਨ ਨਹੀਂ ਮੰਨਦੇ। ਉਪਾਦਾਨ ਕਾਰਨ ਸਦੀਵੀ ਅਣੂ ਹਨ। ਜਮਨੀ ਰਿਸ਼ੀ ਵੀ ਆਪਣ ਸ਼ਾਸਤ੍ਰ ਵਿਚ ਈਸ਼ਵਰ ਦਾ ਕੋਈ ਜ਼ਿਕਰ ਨਹੀਂ ਕਰਦਾ। ਅੱਠਵੀਂ ਸਦੀ ਈਸਵੀ ਵਿਚ ਸ਼ੰਕਰ ਅਚਾਰੀਆ ਨੇ ਵੇਦਾਂਤ ਸਿਧਾਂਤ ਤੇ ਜ਼ੋਰ ਦੇਂਦਿਆਂ ਇਕ ਤਕਸੀਮ ਨਾ ਹੋਣ ਵਾਲੇ ਪਾਰਬ੍ਰਹਮ ਦਾ ਸੰਕਲਪ ਪਰਚਾਰਿਆ, ਪਰੰਤੂ ਉਸ ਦੇ ਮੱਤ ਅਨੁਸਾਰ ਵੀ ਪ੍ਰਕ੍ਰਿਤੀ ਤੇ ਜੀਵ-ਆਤਮਾਵਾਂ ਉਸ ਦੀਆਂ ਬਣਾਈਆਂ ਹੋਈਆਂ ਨਹੀਂ, ਸਗੋਂ ਉਸੇ ਤਰ੍ਹਾਂ ਅਨ ਦੀ ਹਨ ਜਿਸ ਤਰ੍ਹਾਂ ਪਾਰਬ੍ਰਹਮ ਆਪ। ਰਾਮਾਨੁਜ ਤੇ ਹੋਰ ਹਿੰਦੂ ਚਿੰਤਕ ਵੀ ਪ੍ਰਮਾਤਮਾ ਬਾਰੇ ਲਗ-ਪਗ ਏਸੇ ਤਰ੍ਹਾਂ ਦਾ ਸੰਕਲਪ ਰੱਖਦੇ ਸਨ। ਤਾਂ ਫਿਰ ਅਸੀਂ ਕਹਿ ਸਕਦੇ ਹਾਂ, **ਹਿੰਦੂ ਧਰਮ ਵਿਚ ਪਰਮਾਤਮਾ ਨੂੰ ਉਸ ਤਰ੍ਹਾਂ ਤੇ ਉਸ ਹਦ ਤਕ ਸਰਬ ਸ਼ਕਤੀਮਾਨ, ਸਰਬ ਗਿਆਤਾ ਤੇ ਸਰਬ-ਵਿਆਪਕ ਨਹੀਂ ਮੰਨਿਆ ਗਿਆ, ਜਿਸ ਤਰ੍ਹਾਂ ਤੇ ਜਿਸ ਹੱਦ ਤਕ ਸਿਖ ਧਰਮ ਵਿਚ ਮੰਨਿਆ ਗਿਆ ਹੈ।** ਸਿੱਖ ਮਤ ਦਾ ਪਰਮਾਤਮਾ ਸਭ ਕਾਸੇ ਦਾ ਕਰਤਾ ਹੈ, ਕੁਝ ਵੀ ਅਜਿਹਾ ਨਹੀਂ ਜੋ ਉਸ ਤੋਂ ਨਾ ਉਪਜਿਆ ਹੋਵੇ, ਉਸ ਦੀ ਸ਼ਕਤੀ ਦਾ ਕੋਈ ਅੰਤ ਜਾਂ ਪਾਰਾਵਾਰ ਨਹੀਂ। ਇਸ ਕਰਕੇ ਉਸ ਦੇ ਹੁਕਮ ਦੀ ਰੂਪ-ਰੇਖਾ ਕੁਦਰਤੀ ਤੌਰ ਤੇ ਹਿੰਦੂ ਸਿਧਾਂਤ ਤੋਂ ਭਿੰਨ ਹੋਵੇਗੀ। ਇਸ ਵਿਚ ਸ਼ਕ ਨਹੀਂ ਕਿ ਗੀਤਾ ਜਾਂ ਉਪਨਿਸਦਾਂ ਵਿਚ ਕੁਝ ਅਜਿਹੇ ਸੰਕੇਤ ਮਿਲ ਜਾਂਦੇ ਹਨ, ਜਿਨ੍ਹਾਂ ਤੋਂ ਹੁਕਮ-ਸੰਕਲਪ ਦਾ ਝੌਲਾ ਪੈਂਦਾ ਹੈ। ਪਰੰਤੂ ਪ੍ਰਾਚੀਨ ਹਿੰਦੂ ਪਰੰਪਰਾ ਵਿਚ ਇਹ ਸੰਕਲਪ ਸਪੱਸ਼ਟ ਤੌਰ ਤੇ ਨਹੀਂ ਮਿਲਦਾ। ਬੁੱਧ ਮੱਤ ਤੇ ਜੈਨ ਮੱਤ ਵਿਚ ਚੂੰਕਿ ਪ੍ਰਭੂ ਦੀ



www.AKJ.Org

ਹਸਤੀ ਨੂੰ ਸਪੱਸ਼ਟ ਤੌਰ ਤੇ ਨਹੀਂ ਮੰਨਿਆ ਗਿਆ, ਇਸ ਲਈ ਉਹਨਾਂ ਵਿਚ ਰੱਬੀ ਹੁਕਮ ਦਾ ਸੰਕਲਪ ਹੋ ਹੀ ਨਹੀਂ ਸਕਦਾ।

ਹੁਕਮ ਸੰਬੰਧੀ ਸਿਖ ਸੰਕਲਪ ਇਸਲਾਮੀ ਪਰੰਪਰਾ ਦੇ ਵਧੇਰੇ ਨੇੜੇ ਹੈ ਤੇ ਉਸ ਦਾ ਪ੍ਰਭਾਵ ਸਿੱਖ ਗੁਰੂ ਸਾਹਿਬਾਨ ਦੇ ਚਿੰਤਨ ਤੇ ਹੋਣਾ ਕੁਦਰਤੀ ਸੀ। ਇਸਲਾਮ ਵਿਚ (ਇੰਜ ਹੀ ਦੂਜੇ ਸਾਮੀ ਧਰਮਾਂ ਵਿਚ ਵੀ) ਪਰਮਾਤਮਾ ਸਾਰੀ ਕਾਇਨਾਤ (ਬ੍ਰਹਮੰਡ) ਦਾ ਖ਼ਾਲਕ (ਕਰਤਾ) ਹੈ। ਉਸ ਤੋਂ ਬਗ਼ੈਰ ਕੋਈ ਹੋਰ ਤਾਕਤ ਨਹੀਂ, ਉਹ ਕੇਵਲ ਆਪ ਹੀ ਹੈ ਤੇ ਉਸ ਦਾ ਕੋਈ ਸ਼ਰੀਕ ਨਹੀਂ। ਦੁਨੀਆ ਉਸ ਦੇ ਹੁਕਮ ਤੋਂ ਉਪਜੀ ਤੇ ਉਸ ਦੇ ਹੁਕਮ ਅਨੁਸਾਰ ਚਲ ਰਹੀ ਹੈ। ਇਹੋ ਖ਼ਿਆਲ ਸਿਖ ਧਰਮ ਵਿਚ ਹੈ। ਪਰ ਸਿੱਖੀ ਸੰਕਲਪ ਵਿਚ ਕਈ ਹੋਰ ਤੱਥ ਵੀ ਸ਼ਾਮਿਲ ਹਨ, ਜੋ ਇਸਲਾਮੀ ਅਕੀਦੇ ਵਿਚ ਨਹੀਂ ਮਿਲਦੇ। ਉਦਾਹਰਣ ਵਜੋਂ ਪੂਰਬਲੇ ਕਰਮਾਂ ਜਾਂ ਨਿਯਮ ਤੇ ਜੀਵ-ਆਤਮਾ ਦਾ ਇਸ ਨਿਯਮ ਤੋਂ ਉੱਪਜੇ ਆਵਾਗੌਣ ਦੇ ਚੱਕਰ ਵਿਚ ਗੇੜੇ ਖਾਣ ਦਾ ਸਿਧਾਂਤ ਸਿੱਖੀ ਸੰਕਲਪ ਦਾ ਅਨਿਖੜਵਾਂ ਅੰਗ ਹਨ, ਪਰ ਇਸਲਾਮੀ ਅਕੀਦੇ ਦਾ ਬਿਲਕੁਲ ਨਹੀਂ; ਸਪੱਸ਼ਟ ਹੀ ਹੁਕਮ ਦਾ ਸਿਖ ਸੰਕਲਪ ਇਸਲਾਮੀ ਅਕੀਦੇ ਦੇ ਨੇੜੇ ਹੁੰਦਾ ਹੋਇਆ ਵੀ ਉਸ ਤੋਂ ਭਿੰਨ ਹੈ। ਸਿੱਖ ਸੰਕਲਪ ਦਾ ਆਧਾਰ ਇਸਲਾਮੀ ਹੈ, ਪਰ ਇਸ ਨੂੰ ਇਸ ਤਰ੍ਹਾਂ ਭਾਰਤੀ ਰੰਗਣ ਦਿੱਤੀ ਹੋਈ ਹੈ ਕਿ ਉਸ ਦਾ ਓਪਰਾ-ਪਨ ਸਿੱਧੇ ਤੌਰ ਤੇ ਨਜ਼ਰ ਨਹੀਂ ਆਉਂਦਾ।

ਪਰੰਤੂ ਸਿੱਖ ਸੰਕਲਪ ਦੀ ਵਿਲੱਖਣਤਾ ਕੇਵਲ ਇਸ ਵਿਚ ਨਹੀਂ ਕਿ ਇਹ ਹਿੰਦੂ ਤੇ ਇਸਲਾਮੀ ਸਿਧਾਂਤਾਂ ਤੋਂ ਭਿੰਨ ਹੈ, ਭਾਵੇਂ ਇਸ ਦੀ ਮਹੱਤਤਾ ਤੋਂ ਇਨਕਾਰ ਨਹੀਂ ਹੋ ਸਕਦਾ। ਇਸ ਦੀ ਅਸਲੀ ਮਹੱਤਤਾ ਇਸ ਦੀ ਗਤੀਸ਼ੀਲਤਾ ਵਿਚ ਹੈ, ਜਿਸ ਕਾਰਨ ਇਹ ਵਿਅਕਤੀਗਤ ਜੀਵਨ ਤੇ ਸਮਾਜਕ ਜੀਵਨ ਦੋਹਾਂ ਵਿਚ ਕਲਿਆਣ-ਕਾਰੀ ਅਤੇ ਕ੍ਰਾਂਤੀਕਾਰੀ ਰੋਲ ਅਦਾ ਕਰਦਾ ਹੈ।

ਜੋ ਤੱਥ ਇਸ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ, ਉਨ੍ਹਾਂ ਵਿਚੋਂ ਸਭ ਤੋਂ ਪਹਿਲੇ ਸਥਾਨ ਦਾ ਅਧਿਕਾਰ ਇਹ ਵਿਸ਼ਵਾਸ ਹੈ ਕਿ ਕਰਮਾਂ ਦਾ ਚੱਕਰ ਅਟੱਲ ਨਹੀਂ ਹੈ ਤੇ ਮਨੁੱਖ ਇਸ ਚੱਕਰ ਦੇ ਸਾਹਮਣੇ ਇਕ ਲਾਚਾਰ ਪੰਛੀ ਵਾਂਗੂ ਬੇਬੱਸ ਨਹੀ ਹੁੰਦਾ। ਇਹ ਚੱਕਰ ਬੜਾ ਮਹੱਤਵ-ਪੂਰਨ ਹੈ ਤੇ ਇਸ ਦਾ ਮਨੁੱਖ ਦੇ ਚਰਿਤ੍ਰ ਘੜਨ ਜਾਂ ਅਘੜਨ ਵਿਚ ਵੱਡਾ ਹੱਥ ਹੁੰਦਾ ਹੈ, ਪਰ ਸਿੱਖ ਸਿਧਾਂਤ ਇਸ ਨੂੰ ਬੁਧ ਮੱਤ ਤੇ ਜੈਨ ਮੱਤ ਦੇ ਸਿਧਾਂਤਾਂ ਵਾਂਗ ਹਮੇਸ਼ਾ ਅਟੱਲ ਰਹਿਣ ਵਾਲਾ ਨਹੀਂ ਮੰਨਦਾ। ਇਹ ਹੁਕਮ ਦੀ ਉਪਜ ਹੈ ਤੇ ਹੁਕਮ ਦੇ ਅਧੀਨ ਹੈ, ਜੋ ਇਸ ਵਿਚ ਇੱਛਾ ਅਨੁਸਾਰ ਅਦਲਾ-ਬਦਲੀ ਕਰ ਸਕਦਾ ਹੈ ਤੇ ਕਰਦਾ ਰਹਿੰਦਾ ਹੈ। ਫਲ-ਸਰੂਪ, ਮਨੁੱਖ ਲਈ ਕਾਰਜ ਦੀ ਸੁਤੰਤ੍ਰਤਾ ਦਾ ਦਰਵਾਜ਼ਾ ਸਦਾ ਖੁਲ੍ਹਾ ਰਹਿੰਦਾ ਹੈ, ਜਿਸ ਕਰ ਉਹ ਆਪਣੀ ਬੇਹਤਰੀ ਲਈ ਯਥਾ ਸ਼ਕਤ ਉਪਰਾਲੇ ਕਰ ਸਕਦਾ ਹੈ। ਇਸ ਤੋਂ ਇਲਾਵਾ, ਉਸ ਦੇ ਮਨ ਵਿਚ ਚੜ੍ਹਦੀ ਕਲਾ ਦੀ ਦਸ਼ਾ ਬਣੀ ਰਹਿੰਦੀ ਹੈ। ਉਹ ਮੁਸੀਬਤਾਂ ਅੱਗੇ ਦਬਦਾ ਨਹੀਂ, ਸਗੋਂ ਉਹਨਾਂ ਦਾ ਟਾਕਰਾ ਕਰਦਾ ਹੈ।

ਸਿੱਖ ਧਰਮ ਦਾ ਹੁਕਮ-ਸੰਕਲਪ ਕਰਮ-ਚੱਕ੍ਰ ਵਾਂਗੂੰ ਹੀ ਕੁਦਰਤੀ ਨਿਜ਼ਾਮ ਦੇ ਕਿਸੇ ਨਿਯਮ ਨੂੰ ਵੀ (ਭਾਵੇਂ ਉਹ ਵੇਦਾਂ ਦਾ ਰਿਤ ਹੋਵੇ) ਜਿਸ ਬਾਬਤ ਕਿਹਾ ਜਾਂਦਾ ਸੀ ਕਿ ਉਸ ਵਿਚ ਕਦੇ ਕੋਈ ਤਬਦੀਲੀ ਨਹੀਂ ਹੋ ਸਕਦੀ, ਤੇ ਭਾਵੇਂ ਕੋਈ ਹੋਰ ਅਟੱਲ ਨਿਯਮ ਹੋਵੇ, ਅਟੱਲ ਨਹੀਂ ਮੰਨਦਾ। ਇਹ ਸਾਰੇ ਨਿਯਮ ਵੀ (ਜਿਨ੍ਹਾਂ ਸੰਬੰਧੀ ਸਾਇੰਸ ਦੀ ਅਜਕੀ ਖੋਜ ਨੇ ਚੋਖੀ ਰਸ਼ਨੀ ਪਾਈ ਹੈ) ਉਸ ਰੱਬੀ ਹੁਕਮ ਦੀ ਉਪਜ ਹਨ ਤੇ ਉਸ ਦੇ ਨਿਯੰਤ੍ਰਨ ਵਿਚ ਹਨ।

ਹੁਕਮ ਆਪ ਵੀ ਸਿੱਖ ਧਰਮ ਵਿਚ ਅਟੱਲ ਨਹੀਂ ਮੰਨਿਆ ਗਿਆ, ਕਿਉਂਕਿ ਹੁਕਮ ਦੇ ਪਿਛੇ ਹੁਕਮ ਦਾ ਮਾਲਿਕ, ਹੁਕਮੀ, ਅਰਥਾਤ ਸਰਬ ਸ਼ਕਤੀਮਾਨ, ਸਰਬ-ਗਿਆਤਾ ਤੇ ਸਰਬ-ਵਿਆਪਕ ਪ੍ਰਭੂ ਆਪ ਹੈ। ਗੁਰਬਾਣੀ ਵਿਚ ਬਿਲਕੁਲ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਸੰਸਾਰ ਉਸ ਦੀ ਲੀਲ੍ਹਾ ਹੈ, ਜਦੋਂ ਉਹ ਚਾਹੁੰਦਾ ਹੈ ਸੰਸਾਰ ਨੂੰ ਉਤਪੰਨ ਕਰ ਕੇ ਲੀਲ੍ਹਾ ਆਰੰਭ ਦੇਂਦਾ ਹੈ ਤੇ ਜਿਸ ਵੇਲੇ ਉਸ ਦੀ ਮਰਜ਼ੀ ਹੋਵੇ, ਇਸ ਸਫ਼ ਨੂੰ ਲਪੇਟ ਕੇ ਸੰਸਾਰ



www.AKJ.Org

ਦਾ ਖ਼ਾਤਮਾ ਕਰ ਦੇਂਦਾ ਹੈ। ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਭਾਵੇਂ ਸੰਸਾਰ ਦੀ ਸਮੁੱਚੀ ਕਾਰਵਾਈ ਹੁਕਮ ਵਿਚ ਹੋ ਰਹੀ ਹੈ, ਪਰ ਮਨੁੱਖ ਵਾਸਤੇ ਇਸ ਤੋਂ ਉਪਰ ਉਠਣ ਲਈ ਰਾਹ ਵੀ ਰੱਖਿਆ ਹੈ। ਇਹੋ ਕਾਰਨ ਹੈ ਕਿ ਸਿੱਖ ਧਰਮ ਵਿਚ ਅਰਦਾਸ ਤੇ ਇੰਨਾ ਜ਼ੋਰ ਦਿੱਤਾ ਗਿਆ ਹੈ। ਇਸ ਦੇ ਪਿੱਛੇ ਇਹ ਵਿਸ਼ਵਾਸ ਹੈ ਕਿ ਉਹ ਪ੍ਰਭੂ ਸਦਾ ਦਇਆਵਾਨ ਹੈ, ਸਦਾ ਦਿਆਲੂ ਹੈ ਤੇ ਆਪਣੇ ਪਿਆਰਿਆਂ ਦਾ ਦੁਖ-ਸੁਖ ਸਦਾ ਸੁਣਦਾ ਹੈ ਤੇ ਮਦਦ ਕਰਦਾ ਹੈ। ਉਹ ਪਿਤਾ ਹੈ, ਤੇ ਲੋਕ ਉਸ ਦੇ ਬਾਲਕ ਹਨ, ਉਹ ਬੰਧੂ ਹੈ, ਸਨੇਹੀ ਹੈ, ਪਿਆਰਾ ਪਿਰ ਹੈ, ਪਤੀ ਹੈ। ਦੂਜੇ ਸ਼ਬਦਾਂ ਵਿਚ, ਉਸ ਦੀ ਨਦਰ ਜਾਂ ਬਖ਼ਸ਼ਿਸ਼ ਹੁਕਮ ਦੇ ਨਾਲ-ਨਾਲ ਵਰਤਦੀ ਹੈ ਤੇ ਹੁਕਮ ਦੀ ਅਟੱਲਤਾ ਜਾਂ ਸਰਵੁਚਤਾ ਤੇ ਉਹ ਲਗਾਮ ਦਾ ਕੰਮ ਕਰਦੀ ਹੈ ਤੇ ਇਸ ਦੀ ਕਰੜਾਈ ਨੂੰ ਘੱਟ ਕਰਦੀ ਹੈ। ਨਦਰ ਨਾ ਤਾਂ ਹੁਕਮ ਦੇ ਅੰਦਰ ਹੈ, ਨਾ ਇਸ ਦੇ ਅਧੀਨ ਹੈ, ਇਸ ਦਾ ਸਤ ਵੀ ਉਹੋ ਸਰਵੋਤਮ ਹਸਤੀ ਅਕਾਲ ਪੁਰਖ ਹੈ ਜੋ ਹੁਕਮ ਦਾ ਸਰੋਤ ਹੈ।

ਕਈ ਵਿਦਵਾਨਾਂ ਨੇ ਹੁਕਮ ਤੋਂ ਰੱਬੀ ਨਿਜ਼ਾਮ ਦੇ ਅਰਥ ਲਏ ਹਨ। ਇਹ ਪੂਰੀ ਤਰ੍ਹਾਂ ਠੀਕ ਮਾਲੂਮ ਨਹੀਂ ਹੁੰਦਾ। ਸਿੱਖ-ਮੱਤ ਅਨੁਸਾਰ ਰੱਬੀ ਨਿਜ਼ਾਮ ਤਿੰਨ-ਪੱਖਾ ਹੈ। ਇਹ ਤਿੰਨ ਪੱਖ ਇਹ ਹਨ : ਹੁਕਮ, ਨਦਰ ਤੇ ਨਾਮ। ਪਹਿਲੇ ਦੋ ਦਾ ਵਰਨਣ ਉਪਰ ਆ ਗਿਆ ਹੈ। ਸਿੱਖ ਧਰਮ ਵਿਚ ਨਾਮ ਇਕ ਸੂਤਰ ਜਾਂ ਧਾਗਾ ਹੈ, ਜਿਸ ਵਿਚ ਸਾਰੀ ਸਮੱਗਰੀ (ਅਰਥਾਤ ਸੰਸਾਰ) ਪਰੋਤਾ ਹੋਇਆ ਹੈ। ਇਹ ਸਭ ਸ੍ਰਿਸ਼ਟੀ ਦਾ ਆਧਾਰ ਹੈ, ਸਗੋਂ ਸ੍ਰਿਸ਼ਟੀ ਇਸ ਦਾ ਰੂਪ ਹੀ ਹੈ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਨਾਮ ਅਗਮ-ਅਗੋਚਰ ਪਾਰਬ੍ਰਹਮ ਦਾ ਪ੍ਰਗਟਾਉ ਚਲਦਾ ਹੈ, ਜੋ ਘਟ ਘਟ ਅੰਦਰ ਤੇ ਜਲ ਥਲ ਮਹੀਅਲ ਵਿਚ ਸਮਾਇਆ ਹੋਇਆ ਹੈ। ਇਹ ਚੇਤੰਨ ਸਤਾ, ਜਿਸ ਨੂੰ ਲਖਣਾ ਮਨੁੱਖੀ ਜੀਵਨ ਦਾ ਮੁੱਢਲਾ ਲਕਸ਼ ਹੈ, ਹੁਕਮ ਤੇ ਨਦਰ ਦੀ ਇਕ ਤਰ੍ਹਾਂ ਨਾਲ ਅਧਾਰ ਹੈ। ਇਸ ਦਾ ਇਕ ਮਹਾਨ ਰੂਪ ਸ਼ਬਦ ਵੀ ਹੈ। ਇਹ ਤਿੰਨ-ਪੱਖਾ ਸਿਲਸਿਲਾ ਵੀ ਅੰਤ ਨੂੰ ਉਸੇ ਪਾਰਬ੍ਰਹਮ ਵਿਚ ਸਮਾ ਜਾਂਦਾ ਹੈ, ਜਿਸ ਵਿਚੋਂ ਕਿ ਇਹ ਉਪਜਿਆ ਸੀ। ਅਜਿਹੇ ਨਿਜ਼ਾਮ ਵਿਚ ਮਨੁੱਖ ਲਈ ਸਦਾ ਉਮੀਦ ਕਾਇਮ ਰਹਿੰਦੀ ਹੈ, ਅਗੇ ਵਧਣ ਲਈ, ਜਾਂ ਆਪਾ ਸੁਧਾਰਨ ਲਈ ਸਦਾ ਗੁੰਜਾਇਸ਼ ਹੁੰਦੀ ਹੈ।

ਅਜਿਹਾ ਸਿਧਾਂਤ ਪੰਜਾਬੀ ਸੁਭਾਅ ਦੇ ਬੜਾ ਅਨੁਕੂਲ ਸੀ। ਇਤਿਹਾਸਕ ਤੇ ਭੂਗੋਲਿਕ ਕਾਰਨਾਂ ਕਰਕੇ ਪੰਜਾਬੀਆਂ ਦੇ ਆਚਰਣ ਵਿਚ ਦੋ ਵਿਸ਼ੇਸ਼ ਤੱਤ ਖੜੇ ਹੁੰਦੇ ਹਨ : (1) ਲਚਕ, (2) ਸਰਗਰਮੀ ਵਲ ਤਬੀਅਤ ਦੀ ਰੁਚੀ। ਨਵੇਂ ਖਿਆਲਾਂ ਨੂੰ ਗ੍ਰਹਿਣ ਕਰਨ ਵਿਚ ਉਨ੍ਹਾਂ ਨੂੰ ਕੋਈ ਝਿੱਜਕ ਨਹੀਂ ਹੁੰਦੀ, ਕਿਉਂਕਿ ਉਹ ਕਿਸੇ ਪੱਕੀ ਪੀਢੀ ਮਰਯਾਦਾ ਦੇ ਗੁਲਾਮ ਨਹੀਂ ਬਣਦੇ। ਸਿੱਖ ਗੁਰੂਆਂ ਦੇ ਹੁਕਮ-ਸਿਧਾਂਤ ਨੇ ਉਨ੍ਹਾਂ ਨੂੰ ਨਾ-ਕੇਵਲ ਸਰਗਰਮ ਪ੍ਰੋਗਰਾਮ ਦੀ ਪ੍ਰੇਰਨਾ ਹੀ ਦਿੱਤੀ, ਸਗੋਂ ਇਹ ਪੱਕਾ ਵਿਸ਼ਵਾਸ ਵੀ ਦਿੱਤਾ ਕਿ ਉਨ੍ਹਾਂ ਦੀਆਂ ਸਰਗਰਮੀਆਂ ਦੇ ਪਿੱਛੇ ਰੱਬੀ ਮਨਜ਼ੂਰੀ ਵੀ ਹੈ। ਇਸ ਪ੍ਰਕਾਰ ਹੁਕਮ-ਸਿਧਾਂਤ ਨੇ ਪੰਜਾਬੀ ਹਿਰਦਿਆਂ ਨੂੰ ਟੁੰਬਿਆਂ, ਤੇ ਉਨ੍ਹਾਂ ਦੀ ਉਤਸ਼ਾਹ ਭਰਪੂਰ ਸਹਾਇਤਾ ਨਾਲ ਸਿੱਖ ਅੰਦੋਲਨ ਨੂੰ ਹੋਰ ਸ਼ਕਤੀ ਮਿਲੀ।

ਸਿੱਖ ਅੰਦੋਲਨ ਦੇ ਵਿਕਾਸ ਵਿਚ ਇਸ ਪ੍ਰਕਾਰ ਦੇ ਗਤੀਸ਼ੀਲ ਹੁਕਮ-ਸੰਕਲਪ ਦਾ ਬੜਾ ਮਹੱਤਵਪੂਰਨ ਰੋਲ ਸਿਧ ਹੋਇਆ। ਕੁਝ ਉਦਾਹਰਣਾਂ ਦੇ ਕੇ ਇਸ ਗੱਲ ਨੂੰ ਸਪੱਸ਼ਟ ਕੀਤਾ ਜਾਂਦਾ ਹੈ।

ਸਿੱਖ ਧਰਮ ਵਿਚ ਗੁਰੂ ਦੀ ਬਹੁਤ ਮਹਾਨਤਾ ਹੈ, ਇਥੋਂ ਤਕ ਕਿਹਾ ਗਿਆ ਹੈ ਕਿ ਗੁਰੂ ਬਿਨਾਂ ਗਤੀ ਹੋ ਨਹੀਂ ਸਕਦੀ। ਸਿੱਖੀ ਸਿਧਾਂਤ ਦੀਆਂ ਬਰੀਕੀਆਂ ਗੁਰੂ ਦੀ ਅਗਵਾਈ ਤੋਂ ਬਿਨਾਂ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀਆਂ। ਅਕਾਲ ਪੁਰਖ ਦੇ ਰਾਹ ਤੇ ਚਲਣ ਵਿਚ ਐਸੀਆਂ ਕਠਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਕੇਵਲ ਗੁਰੂ ਦੀ ਮਿਹਰ ਦੀ ਮਦਦ ਦੁਆਰਾ ਹੀ ਦੂਰ ਹੋ ਸਕਦੀਆਂ ਹਨ। ਗੁਰੂ ਦੀ ਰੋਸ਼ਨੀ ਤੋਂ ਬਿਨਾਂ ਮਨੁੱਖੀ ਮਨਾਂ ਦਾ ਅੰਨ੍ਹੇਰਾ ਹਟ ਨਹੀਂ ਸਕਦਾ, ਭਾਵੇਂ ਕਿੰਨੇ ਵੀ ਉਪਰਾਲੇ ਕਿਉਂ ਨਾ ਕੀਤੇ ਜਾਣ। ਇਸ ਲਈ ਇਕ ਸੱਚੇ ਸਿੱਖ ਦਾ ਪਹਿਲਾ ਫ਼ਰਜ਼ ਹੈ ਕਿ ਉਹ ਮਨਮਤ ਛੱਡੇ ਤੇ ਗੁਰਮਤਿ ਗ੍ਰਹਿਣ ਕਰੇ, ਮਨਮੁਖ ਨਾ ਬਣੇ ਤੇ ਗੁਰ-ਮੁਖ ਬਣੇ। ਪਰੰਤੂ ਗੁਰੂ ਮਾਰਗ ਦਸਣ ਵਾਲਾ ਹੁੰਦਿਆਂ ਹੋਇਆਂ ਵੀ ਇਕ ਮਾਧਿਅਮ ਹੀ ਹੈ, ਜੋ ਬੰਦੇ ਤੇ ਪ੍ਰਭੂ


www.AKJ.Org

ਵਿਚਕਾਰ ਕੜੀ ਦਾ ਮਨੋਰਥ ਸਿੱਧ ਕਰਦਾ ਹੈ। ਗੁਰੂ ਪੂਰਨ ਪੁਰਖ ਹੈ, ਉਹ ਸਿਫਤਾਂ ਤੇ ਗੁਣਾਂ ਦਾ ਮੰਬ੍ਹਾ ਹੈ, ਪਰ ਉਹ ਰੱਬ ਨਹੀਂ ਹੈ। ਨਾ ਹੀ ਉਹ ਉਸ ਦਾ ਅਵਤਾਰ ਹੈ। ਕੁਦਰਤੀ ਤੌਰ ਤੇ ਸਿਧਾਂਤਕ ਪੱਖੋਂ ਗੁਰੂ ਤੇ ਪ੍ਰਭੂ ਵਿਚ ਅੰਤਰ ਹੈ।

ਫਿਰ ਵੀ ਜਿਉਂ ਜਿਉਂ ਸਿਖ ਧਰਮ ਦਾ ਵਿਕਾਸ ਹੋਣ ਨਾਲ ਵਾਸਤਵਿਕ ਸਥਿਤੀ ਵਿਚ ਸ਼ਰਧਾਲੂ ਸਿੱਖਾਂ ਦੇ ਮਨਾਂ ਵਿਚ ਗੁਰੂ ਦੇ ਹੁਕਮ ਤੇ ਅਕਾਲ ਪੁਰਖ ਦੇ ਹੁਕਮ ਦਾ ਅੰਤਰ ਮਿਟਣ ਲੱਗ ਪਿਆ ਤੇ ਗੁਰੂ ਦੇ ਹੁਕਮ ਦੀ ਪਾਲਣਾ ਉਸੇ ਗਰਮਜੋਸ਼ੀ ਨਾਲ ਹੋਣ ਲੱਗ ਪਈ, ਜਿਸ ਦਾ ਗੁਰਬਾਣੀ ਵਿਚ ਅਕਾਲ ਪੁਰਖ ਦੇ ਹੁਕਮ ਦੀ ਪਾਲਣਾ ਵਾਸਤੇ ਆਦੇਸ਼ ਸੀ। ਇਸ ਦੇ ਨਤੀਜੇ ਵਜੋਂ ਗੁਰੂ ਦੀ ਪੋਜੀਸ਼ਨ ਸਿੱਖ ਅੰਦੋਲਨ ਵਿਚ ਬਹੁਤ ਉਚੀ ਮੰਨੀ ਜਾਣ ਲੱਗ ਪਈ ਤੇ ਉਸ ਦੇ ਹੁਕਮ ਨੂੰ ਰੱਬੀ ਹੁਕਮ ਹੀ ਸਮਝਿਆ ਜਾਣ ਲੱਗ ਪਿਆ। ਇਸ ਦੇ ਫਲਸਰੂਪ ਸਿੱਖ ਲਹਿਰ ਵਿਚ ਤਾਕਤ ਆਈ, ਸੰਗਠਨ ਆਇਆ ਤੇ ਅਨੁਸ਼ਾਸਨ ਆਇਆ ਤੇ ਪੂਰੀ ਸਿੱਖ ਜਮਾਤ ਵਿਚ ਇਕ ਨਵੀਂ ਰੌਂ ਦੌੜਨ ਲੱਗ ਪਈ। ਜੇ ਸਿੱਖ ਲਹਿਰ ਦੀ ਚੜ੍ਹਤ ਨੂੰ ਮੁਗਲਈ ਸਰਕਾਰ ਦਾ ਸਮੁੱਚਾ ਬਲ ਵੀ ਰੋਕ ਨਾ ਸਕਿਆ ਤਾਂ ਇਸ ਦੇ ਕਾਰਨਾਂ ਵਿਚੋਂ ਇਕ ਵੱਡਾ ਕਾਰਨ ਇਹੀ ਤੱਥ ਸੀ। ਇਸ ਗੱਲ ਨੂੰ ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਹੈ। ਜਦੋਂ ਸ਼ਾਹਜ਼ਾਦਾ ਮੁਅੱਜ਼ਮ ਨੇ ਆਪਣੇ ਇਕ ਅਹਿਦੀਏ ਨੂੰ ਫ਼ੌਜ ਦੇ ਕੇ ਆਨੰਦਪੁਰ ਨੇੜੇ ਪਹਾੜੀ ਇਲਾਕੇ ਤੇ ਹਮਲਾ ਕਰਨ ਲਈ ਭੇਜਿਆ, ਤਾਂ ਗੁਰੂ ਸਾਹਿਬ ਦੇ ਕੁਝ ਸਾਥੀ ਘਬਰਾਹਟ ਵਿਚ ਉਹਨਾਂ ਦਾ ਸਾਥ ਛੱਡ ਕੇ ਪਹਾੜਾਂ ਵਿਚ ਜਾ ਲੁਕੇ। ਪਰੰਤੂ ਉਹ ਉਥੇ ਜਾ ਕੇ ਬਚ ਨਾ ਸਕੇ, ਸਗੋਂ ਵੈਰੀ ਨੇ ਪਹਿਲਾਂ ਉਨ੍ਹਾਂ ਤੇ ਹੀ ਹੱਥ ਸਾਫ਼ ਕੀਤਾ। ਉਨ੍ਹਾਂ ਵਿਚੋਂ ਬਹੁਤੇ ਮਾਰੇ ਗਏ, ਕੁਝ ਕੈਦ ਹੋ ਗਏ ਤੇ ਉਨ੍ਹਾਂ ਦੀ ਬੜੀ ਦੁਰਦਸ਼ਾ ਹੋਈ, ਉਨ੍ਹਾਂ ਦੇ ਘਰ ਘਾਟ ਵੀ ਨਾ ਬਚ ਸਕੇ। ਦੂਜੇ ਪਾਸੇ ਜਿਨ੍ਹਾਂ ਸਿੱਖਾਂ ਨੇ ਗੁਰੂ ਜੀ ਦਾ ਸਾਥ ਨਹੀਂ ਛੱਡਿਆ ਸੀ, ਉਹ ਬਿਲਕੁਲ ਹੀ ਬਚ ਗਏ ਤੇ ਉਹਨਾਂ ਦਾ ਵਾਲ ਵੀ ਵਿੰਗਾ ਨਾ ਹੋਇਆ। ਇਸ ਦ੍ਰਿਸ਼ਟਾਂਤ ਦੁਆਰਾ ਗੁਰੂ ਜੀ ਨੇ ਇਹ ਨੁਕਤਾ ਦ੍ਰਿੜ੍ਹਾਇਆ ਹੈ ਕਿ ਬਾਬੇ (ਨਾਨਕ) ਦਾ ਤੇ ਬਾਬਰ ਦਾ ਘਰ ਦੋਵੇਂ ਹੀ ਅਕਾਲ ਪੁਰਖ ਨੇ ਬਣਾਏ ਸਨ। ਜਿਨ੍ਹਾਂ ਨੇ ਗੁਰੂ ਨਾਲ ਬੇਮੁਖਤਾ ਕੀਤੀ, ਉਹਨਾਂ ਨਾਲ ਅਕਾਲ ਪੁਰਖ ਕ੍ਰੋਧਵਾਨ ਹੋਇਆ ਤੇ ਉਸ ਨੇ ਬਾਬਰ ਘਰਾਣੇ ਦੇ ਬੰਦਿਆਂ ਰਾਹੀਂ ਉਹਨਾਂ ਨੂੰ ਕਰਾਰੀ ਤੇ ਸਦਾ ਯਾਦ ਰਹਿਣ ਵਾਲੀ ਸਜ਼ਾ ਦਿੱਤੀ। ਇਥੋਂ ਬਿਲਕੁਲ ਸਪੱਸ਼ਟ ਹੁੰਦਾ ਹੈ ਕਿ ਗੁਰੂ ਦਾ ਹੁਕਮ ਅਕਾਲ ਪੁਰਖ ਦੇ ਹੁਕਮ ਦਾ ਸਮਾਨਅਰਥ ਹੀ ਸਮਝਿਆ ਜਾਂਦਾ ਸੀ ਤੇ ਇਸ ਦੀ ਪਾਲਣਾ ਰੱਬੀ ਹੁਕਮ ਮੰਨਣ ਜਿੰਨੀ ਹੀ ਜ਼ਰੂਰੀ ਸੀ। ਸਿੱਖ ਅੰਦੋਲਨ ਦੀ ਗਤੀ ਵਿਚ ਵਿਸ਼ਵਾਸ ਨੇ ਜੋ ਯੋਗਦਾਨ ਦਿੱਤਾ, ਉਸ ਦਾ ਅਨੁਮਾਨ ਭਲੀ ਭਾਂਤ ਗੁਰੂ-ਕਾਲ ਦੇ ਸਿੱਖ ਇਤਿਹਾਸ ਤੋਂ ਲਾਇਆ ਜਾ ਸਕਦਾ ਹੈ।

ਦੂਜਾ ਤੱਥ, ਜਿਸ ਨੇ ਸਿੱਖ ਲਹਿਰ ਦੇ ਬੜ੍ਹਾਵੇ ਵਿਚ ਵੱਡੀ ਸਹਾਇਤਾ ਦਿੱਤੀ, ਸਿੱਖ ਗੁਰੂਆਂ ਤੇ ਉਨ੍ਹਾਂ ਦੇ ਸ਼ਰਧਾਲੂਆਂ ਦਾ ਅਕਾਲ ਪੁਰਖ ਦੇ ਆਗਿਆਕਾਰੀ ਕਾਰਿੰਦਿਆਂ ਜਾਂ ਕਾਰ-ਕਰਤਾਵਾਂ ਦੇ ਰੂਪ ਵਿਚ ਵਿਚਰਨਾ ਤੇ ਕਾਰਜ ਕਰਨਾ ਸੀ। ਸਿੱਖ ਧਰਮ ਦੀ ਮੁਢਲੀ ਸਿੱਖਿਆ ਦਾ ਇਕ ਜ਼ਰੂਰੀ ਅੰਗ ਇਹ ਸੀ ਕਿ ਸਿੱਖ ਜੀਵਨ ਨੂੰ ਰੱਬੀ ਹੁਕਮ ਅਨੁਸਾਰ ਢਾਲਣ ਅਤੇ ਜੋ ਕੁਝ ਵੀ ਵਾਪਰੇ, ਉਸਨੂੰ ਹੁਕਮ ਦੀ ਖੇਡ ਜਾਂ ਕਾਰ ਸਮਝਣ। ਇਸ ਸਿਖਲਾਈ ਦਾ ਇਕ ਮਹੱਤਵਪੂਰਨ ਸਿੱਟਾ ਇਹ ਨਿਕਲਿਆ ਕਿ ਸਿਖ ਆਪਣੇ ਆਪ ਨੂੰ ਰੱਬੀ ਹੁਕਮ ਦੀ ਪਾਲਣਾ ਕਰਨ ਵਾਲੇ ਸਮਝਣ ਲਗ ਪਏ। ਇਸ ਦਾ ਸਭ ਤੋਂ ਨਿੱਗਰ ਸਬੂਤ ਉਹ ਬੋਲਾ ਹੈ ਜੋ ਇਕ ਦੂਜੇ ਨੂੰ ਮਿਲਣ ਸਮੇਂ ਸਿਖ ਵਰਤੋਂ ਵਿਚ ਲਿਆਉਂਦੇ ਹਨ। ਇਹ ਬੋਲਾ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖਾਲਸਾ-ਸਾਜਨਾ ਉਪਰੰਤ ਸ਼ੁਰੂ ਹੋਇਆ। ਇਸ ਦੇ ਅੱਖਰੀਂ ਅਰਥ ਇਹ ਹਨ ਕਿ ਖਾਲਸਾ ਵਾਹਿਗੁਰੂ ਦਾ ਹੈ ਤੇ ਉਸਦੀ ਫਤਹ (ਕਾਮਯਾਬੀ) ਵੀ ਵਾਹਿਗੁਰੂ ਦੀ ਹੈ, ਸਾਫ ਦਸਦਾ ਹੈ ਕਿ ਖਾਲਸਾ ਕੇਵਲ ਪ੍ਰਭੂ ਦੇ ਕਾਰਿੰਦੇ ਦੇ ਰੂਪ ਵਿਚ ਕੰਮ ਕਰਦਾ ਹੈ, ਲਕਸ਼ ਵਾਹਿਗੁਰੂ ਦਾ ਹੈ, ਉਸੇ ਦੀ ਪੂਰਤੀ ਲਈ ਉਸਦਾ ਸਾਰਾ ਉਦਮ ਲਗਦਾ ਹੈ। ਸਿੱਖਾਂ ਦਾ ਜੰਗੀ ਨਾਹਰਾ ਜਾਂ ਜੈਕਾਰਾ 'ਬੋਲੇ ਸੋ ਨਿਹਾਲ


www.AKJ.Org

ਸਤਿ ਸ੍ਰੀ ਅਕਾਲ' ਇਸ ਗੱਲ ਨੂੰ ਹੋਰ ਸਪੱਸ਼ਟ ਕਰਦਾ ਹੈ। ਨਿਰਸੰਦੇਹ ਇਸ ਸਿਧਾਂਤ ਵਿਚ ਜਾਦੂ ਦਾ ਅਸਰ ਸੀ। ਜੋ ਮਨੁੱਖ ਜਾਂ ਸ਼੍ਰੇਣੀ ਆਪਣੇ ਸਿਰਜਨਹਾਰ, ਪ੍ਰਤਿਪਾਲਕ ਤੇ ਰਖਣਹਾਰ ਦੇ ਕਿਸੇ ਕਾਰਜ ਵਿਚ ਜੁਟਦਾ ਹੈ, ਉਹ ਸਾਰੇ ਡਰ ਭੈ ਤੋਂ ਰਹਿਤ ਹੋ ਕੇ ਬਹਾਦਰ ਸੂਰਮਿਆਂ ਵਾਂਗੂ ਹੋ ਨਿਬੜਦਾ ਹੈ। ਅਤੇ ਜਿਹੜੇ ਕਾਰਜ ਵਿਚ ਐਸੀ ਭਾਵਨਾ ਨਾਲ ਕੰਮ ਕੀਤਾ ਜਾਵੇ, ਉਸਦੀ ਸਫਲਤਾ ਯਕੀਨੀ ਹੋ ਜਾਂਦੀ ਹੈ, ਭਾਵੇਂ ਉਸਦੀ ਮੰਜ਼ਲ-ਰਾਹ ਵਿਚ ਕਿੰਨੀਆਂ ਵੀ ਔਖਿਆਈਆਂ ਕਿਉਂ ਨਾ ਹੋਣ। ਇਸ ਲਈ ਇਹ ਕਹਿਣਾ ਗ਼ਲਤ ਨਹੀਂ ਜਾਪਦਾ ਕਿ ਜੋ ਨਵਾਬ ਅਬਦੁੱਸਮਦ ਖਾਂ, ਨਵਾਬ ਜ਼ਕਰੀਆ ਖਾਂ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਮੁੱਠੀ ਭਰ ਸਿੱਖਾਂ ਨੂੰ ਅਠ੍ਹਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਖ਼ਤਮ ਨਾ ਕਰ ਸਕੇ, ਤਾਂ ਉਸ ਦਾ ਇਕ ਵਡਾ ਕਾਰਨ ਸਿੱਖਾਂ ਦੇ ਧਰਮ ਦਾ ਹੁਕਮ-ਸੰਕਲਪ ਸੀ, ਜਿਸਦੇ ਪ੍ਰਭਾਵ ਹੇਠ ਉਹ ਅਕਾਲ ਪੁਰਖ ਦੇ ਵੀਰ ਜੋਧਿਆਂ ਦੀ ਸ਼ਕਲ ਵਿਚ ਜੂਝਦੇ ਰਹੇ।

ਧਰਮ-ਯੁਧ ਦਾ ਸਿਧਾਂਤ, ਜਿਸ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇੰਨਾ ਬਲ ਦਿਤਾ ਤੇ ਜਿਹੜਾ ਉਨ੍ਹਾਂ ਦੇ ਚਿੰਤਨ ਦਾ ਮਹੱਤਵਪੂਰਨ ਅੰਗ ਸੀ, ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਵਿਚੋਂ ਹੀ ਜਨਮ ਲੈ ਕੇ ਹੌਲੀ-ਹੌਲੀ ਵਿਕਸਿਤ ਹੋਇਆ ਸੀ। ਇਸ ਦੇ ਵਿਕਾਸ ਵਿਚ ਹੁਕਮ ਦੇ ਸੰਕਲਪ ਦਾ ਯੋਗ ਦਾਨ ਅਵੱਸ਼ ਦਿਸਦਾ ਹੈ, ਕਿਉਂਕਿ ਧਰਮ-ਯੁਧ ਅਕਾਲ ਪੁਰਖ ਦੇ ਹੁਕਮ ਦੀ ਪਾਲਣਾ ਦਾ ਹੀ ਦੂਜਾ ਰੂਪ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਅਸੁਰ ਸੰਘਾਰ ਆਖਿਆ ਸੀ। ਮਗਰਲੇ ਗੁਰੂਆਂ ਨੇ ਆਪਣੇ ਸ਼ਬਦਾਂ ਵਿਚ ਕਈ ਥਾਵਾਂ ਤੇ ਸੰਕੇਤ ਕੀਤਾ ਹੈ ਕਿ ਪਰਮਾਤਮਾ ਸਦਾ ਆਪਣੇ ਪਿਆਰਿਆਂ ਦੀ ਪੈਜ ਰਖਦਾ ਹੈ ਤੇ ਦੁਸ਼ਟਾਂ ਦਾ ਨਾਸ਼ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ ਜਦੋਂ ਜ਼ੁਲਮ ਦਾ ਨਾਸ਼ ਕਰਨਾ ਹੁੰਦਾ ਹੈ, ਅਕਾਲ ਪੁਰਖ ਕਿਸੇ ਪਿਆਰੇ ਵਿਅਕਤੀ ਨੂੰ ਇਸ ਕਾਰਜ ਲਈ ਭੇਜ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਸਿੰਘ ਅਜਿਹੇ ਹੀ ਕੰਮ ਵਿਚ ਜੁਟੇ ਹੋਏ ਸਨ ਤੇ ਇਸ ਵਿਚ ਉਨ੍ਹਾਂ ਦਾ ਰੋਲ ਅਕਾਲ ਪੁਰਖ ਦੇ ਵੀਰ ਨਾਇਕਾਂ ਵਾਲਾ ਸੀ, ਜੋ ਆਪਣੇ ਆਪ ਨੂੰ ਉਸ ਦੇ ਹੁਕਮ ਨਾਲ ਅਭੇਦ ਕਰ ਕੇ ਦੁਸ਼ਟਾਂ ਨਾਲ ਲੋਹਾ ਲੈ ਰਹੇ ਸਨ।

ਤੀਜੇ, ਹੁਕਮ ਮੰਨਣ ਦੀ ਸਿਖਿਆ ਨੇ ਸਿੱਖਾਂ ਦੇ ਮਨੋਬਲ ਨੂੰ ਅਜਿਹੀ ਮਾਤਰਾ ਵਿਚ ਉਚਿਆਂ ਕੀਤਾ ਕਿ ਉਹਨਾਂ ਲਈ ਪੇਸ਼ ਆਉਣ ਵਾਲੀਆਂ ਤਕਲੀਫ਼ਾਂ ਤੇ ਅਪਦਾਵਾਂ ਦਾ ਟਾਕਰਾ ਅਸਾਨ ਹੋ ਗਿਆ। ਮਨੋਵਿਗਿਆਨਕ ਪੱਖ ਤੋਂ ਇਹ ਇਕ ਬੜੀ ਵਡੀ ਚੀਜ਼ ਸੀ, ਜਿਸ ਕਾਰਨ ਉਪਜੇ ਦੁਖ-ਕਲੇਸ਼ ਖਿੜੇ ਮੱਥੇ ਸਹਿ ਸਕੇ। ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਨਾਲ ਜੋ ਦੁਖਦਾਇਕ ਘਟਨਾਵਾਂ ਵਾਪਰੀਆਂ, ਉਨ੍ਹਾਂ ਦੇ ਨਤੀਜੇ ਵਜੋਂ ਉਹਨਾਂ ਦੇ ਹੌਸਲੇ ਪਸਤ ਹੋਣ ਦੀ ਥਾਂ ਸਗੋਂ ਹੋਰ ਵਧੇ।

ਇਸ ਵਿਸ਼ੇ ਤੇ ਹੋਰ ਜ਼ਿਆਦਾ ਵਿਸਤਾਰ ਇਸ ਸੰਖੇਪ ਨੋਟ ਦੇ ਘੇਰੇ ਤੋਂ ਬਾਹਰ ਹੈ, ਪਰੰਤੂ ਇਨ੍ਹਾਂ ਕੁਝ ਸਤਰਾਂ ਵਿਚ ਜੋ ਥੋੜੀ ਬਹੁਤ ਚਰਚਾ ਕੀਤੀ ਗਈ ਹੈ, ਉਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਉਤਰਾਧਿਕਾਰਿਆਂ ਨੇ ਹੁਕਮ ਦੇ ਸਿਧਾਂਤ ਨੂੰ ਗਤੀਸ਼ੀਲਤਾ ਪ੍ਰਦਾਨ ਕੀਤੀ ਤ ਉਸ ਦੁਆਰਾ ਨਾ-ਕੇਵਲ ਵਿਅਕਤੀਗਤ ਜੀਵਨ ਵਿਚ ਹੀ ਚੜ੍ਹਦੀ ਕਲਾ ਦਾ ਰਸ ਤੇ ਉਤਸ਼ਾਹ ਭਰਿਆ, ਸਗੋਂ ਉਸਨੂੰ ਸਮਾਜਕ ਜੀਵਨ ਦੇ ਕਲਿਆਨ ਲਈ ਵੀ ਇਕ ਸੰਚਾਲਕ ਸ਼ਕਤੀ ਦੇ ਤੌਰ ਤੇ ਸਫਲਤਾ ਪੂਰਬਕ ਵਰਤਿਆ। ਪਰ ਇਸ ਵਿਸ਼ੇ ਤੇ ਵਧੇਰੇ ਖੋਜ ਦੀ ਲੋੜ ਹੈ। ਮੇਰਾ ਖ਼ਿਆਲ ਹੈ ਕਿ ਜੇ ਇਸ ਨੂੰ ਚੰਗੀ ਤਰ੍ਹਾਂ ਘੋਖਿਆ ਜਾਏ, ਤਾਂ ਹੁਕਮ-ਸਿਧਾਂਤ ਦਾ ਰੋਲ ਹੋਰ ਨਿੱਖਰ ਕੇ ਸਾਹਮਣੇ ਆਵੇਗਾ। ['ਸੀਸ-ਗੰਜ' ਮਾਸਕ, ਦਿੱਲੀ, ਦਸੰਬਰ, ੯੧

---

**ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ** (ਫ਼ੋਨ 0734–267900)
*Bhai Gurnam Singh*, 10. *Lambourne Gardens, Earley. Reading, Berk* (*U.K.*)



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੩੨)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

## ਉਸ ਵੇਲੇ ਦੇ ਸਿੰਘ ਅਤੇ ਉਨ੍ਹਾਂ ਦਾ ਵਰਤੋਂ ਵਿਹਾਰ–

ਸੂਰਮੇ ਤੇ ਸਾਊ ਉਹ ਅਖਵਾਉਂਦੇ ਹਨ, ਜੋ ਵੱਡੀ ਤੋਂ ਵੱਡੀ ਮੁਸੀਬਤ ਸਿਰ ਆ ਪੈਣ ਤੇ ਆਪਣਾ ਮਾਨਸਿਕ ਸੰਤੁਲਨ ਕਾਇਮ ਰਖਣ ਤੇ ਮੁਸੀਬਤ ਨੂੰ ਖਿੜੇ ਮੱਥੇ ਝਲਣ। ਜੋ ਜ਼ਿੰਦਗੀ ਦੇ ਅਸੂਲਾਂ ਨੂੰ ਨਾ ਛਡਣ ਤੇ ਆਪਣੀ ਅਣਖ 'ਤੇ ਆਂਚ ਨਾ ਆਉਣ ਦੇਣ। ਸੰਕਟ ਸਦਾ ਕੌਮਾਂ ਦੇ ਸਿਰ ਨਹੀਂ ਟਿਕੇ ਰਹਿੰਦੇ। ਮਰਦਾਂ ਨੂੰ ਤਾਂ ਸੁਆਦ ਹੀ ਔਕੜਾਂ ਨਾਲ ਭਿੜਨ ਵਿਚ ਆਉਂਦਾ ਹੈ। ਉਸ ਵੇਲੇ ਦੇ ਸਿੰਘ ਸੱਚੇ ਤੇ ਸੁੱਚੇ ਪਿਆਰ-ਪ੍ਰੇਮ ਦੀ ਦੁਨੀਆ ਵਿਚ ਵਿਚਰਦੇ ਸਨ। ਇਕ ਦੂਸਰੇ ਨੂੰ ਆਪਣੀ ਦੇਹ ਜਾਨ ਸਮਝਦੇ। ਨੀਚ-ਊਚ, ਅਮੀਰ-ਗਰੀਬ, ਜ਼ਾਤ-ਪਾਤ ਦਾ ਨਾਮੋ ਨਿਸ਼ਾਨ ਤੱਕ ਵੀ ਨਹੀਂ ਸੀ। ਸਭ ਆਪਣੇ ਆਪ ਨੂੰ ਮਾਤਾ ਸਾਹਿਬ ਦੇਵਾਂ (ਸਾਹਿਬ ਕੌਰ) ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪੁੱਤਰ, ਇਕ ਰੂਪ ਖ਼ਾਲਸਾ ਮੰਨਦੇ ਸਨ। ਜੋ ਕੁਝ ਕਮਾਉਂਦੇ, ਗੁਰੂ ਕੇ ਖਜ਼ਾਨੇ ਵਿਚ ਪਾਉਂਦੇ ਤੇ ਸਾਰੇ ਭਾਈ ਰਲ ਕੇ ਛਕਦੇ, ਵਧ ਘਟ ਲੈਣ ਦਾ ਕਿਸੇ ਨੂੰ ਖ਼ਿਆਲ ਹੀ ਨਾ ਫੁਰਦਾ। ਨਵਾਬ ਕਪੂਰ ਸਿੰਘ, ਸ: ਹਰੀ ਸਿੰਘ ਆਦਿਕ ਮੁਖੀ ਸਿੰਘ ਜੋ ਵਰਤਾਉਂਦੇ, ਉਸ ਤੇ ਪ੍ਰਸੰਨ ਰਹਿੰਦੇ ਤੇ ਅਨੰਦ ਮਾਣਦੇ। ਇਕ ਅਕਾਲ ਪੁਰਖ ਵਾਹਿਗੁਰੂ, ਗੁਰੂ ਗ੍ਰੰਥ ਸਾਹਿਬ ਤੇ ਅਡੋਲ ਨਿਸਚਾ ਰਖਦੇ; ਦਿਨ ਰਾਤ ਗੁਰੂ ਦੀ ਬਾਣੀ ਪੜ੍ਹਦੇ। ਘੋੜਿਆਂ ਤੇ ਸ਼ਸਤ੍ਰਾਂ ਨਾਲ ਬਹੁਤ ਪਿਆਰ ਕਰਦੇ। ਇਨ੍ਹਾਂ ਦੀ ਤੇ ਲੰਗਰ ਦੀ ਟਹਿਲ ਵਿਚ ਲੀਨ ਰਹਿੰਦੇ। ਬਾਣੀ ਪੜ੍ਹਦੇ ਹੋਏ ਸਾਰੇ ਕਾਰਜ ਕਰਦੇ ਤੇ ਇਕ ਦੂਜੇ ਤੋਂ ਸ਼ਸਤ੍ਰ-ਵਿਦਿਆ ਸਿਖਦੇ ਸਿਖਾਉਂਦੇ। ਨੇਜ਼ੇ-ਬਾਜ਼ੀ ਤੇ ਗਤਕਾ ਖੇਡਣਾ ਉਨ੍ਹਾਂ ਦੀ ਮਨ-ਭਾਉਂਦੀ ਕਸਰਤ ਸੀ। ਸਭ ਜਵਾਨ ਬਿਰਧ ਇਸ ਵਿਚ ਹਿੱਸਾ ਲੈਂਦੇ। ਨਵੇਂ ਨਵੇਂ ਗੜਗੱਜ ਬੋਲੇ ਘੜਦੇ। ਲੰਗਰ ਦਾ ਸਜਾਉਣਾ ਤੇ ਛਕਣ ਛਕਾਉਣ ਸਭ ਸਰਬ ਲੋਹ ਦੇ ਬਰਤਨਾਂ ਵਿਚ ਹੁੰਦਾ। ਕਿਸੇ ਵੀ ਐਸ਼-ਇਸ਼ਰਤ ਵਾਲੀ ਮਸਨੂਈ ਸ਼ੈਅ ਵਲ ਨਜ਼ਰ ਭਰ ਕੇ ਵੀ ਨਾ ਤਕਦੇ। ਮੁਗਲਾਂ ਦੀ ਨਖਰੇ ਟਖਰੇ, ਆਰਾਮ-ਤਲਬੀ ਤੇ ਐਸ਼-ਇਸ਼ਰਤ ਵਾਲੀ ਜ਼ਿੰਦਗੀ ਨੂੰ ਟਿੱਚਰਾਂ ਹੀ ਨਾ ਕਰਦੇ, ਸਗੋਂ ਵੱਡੀ ਲਾਅਨਤ ਸਮਝਦੇ। ਜੇ ਕਿਤੇ ਵੰਡ ਵਿਚ ਕਿਸੇ ਨੂੰ ਦੁਸ਼ਾਲਾ ਮਿਲ ਜਾਂਦਾ ਤਾਂ ਆਪ ਵਰਤਣ ਦੀ ਥਾਂ ਆਪਣੇ ਘੋੜੇ ਉਤੇ ਪਾਉਂਦਾ ਤੇ ਖੁਸ਼ ਹੁੰਦਾ। ਆਪਣੇ ਭੂਰੇ-ਭੂਰੀ ਨੂੰ ਹੀ ਬਾਦਸ਼ਾਹੀ ਖਿਲਅਤ ਤੋਂ ਕੀਮਤੀ ਅਤੇ ਸੰਜੋਅ ਚਿਲਤੇ ਨਾਲੋਂ ਮਜ਼ਬੂਤ ਸਮਝਦਾ। ਸਬਰ, ਸ਼ੁਕਰ, ਸੰਤੋਖ, ਧੀਰਜ ਤੇ ਗੁਰੂ ਪੰਥ ਦੀ ਚੜ੍ਹਦੀ ਕਲਾ ਵਾਸਤੇ ਕੁਰਬਾਨੀ ਲਈ ਤਿਆਰ ਰਹਿਣਾ, ਉਨ੍ਹਾਂ ਦੀ ਜ਼ਿੰਦਗੀ ਦੇ ਕੀਮਤੀ ਜੌਹਰ ਸਨ। ਜੇ ਕਿਸੇ ਤੋਂ ਕੋਈ ਖ਼ੁਨਾਮੀ ਹੋ ਜਾਂਦੀ, ਮੁਆਮਲਾ ਖਾਲਸੇ ਦੇ ਦੀਵਾਨ ਵਿਚ ਪੇਸ਼ ਹੁੰਦਾ ਅਤੇ ਦੀਵਾਨ ਦੀ ਆਗਿਆ ਨਾਲ ਭਾਈ ਮਨੀ ਸਿੰਘ ਜੀ ਉਸ ਨੂੰ ਤਨਖ਼ਾਹ ਲਾ ਦੇਂਦੇ। ਉਹ ਭੀ ਬਿਨਾ ਚੂੰ-ਚਰਾਂ, ਸਿਰ ਝੁਕਾ ਕੇ ਮੰਨਦਾ ਤੇ ਲਾਈ ਤਨਖ਼ਾਹ ਪੂਰੀ ਕਰਦਾ। ਇਸ ਵਿਚ ਕਿਸੇ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਜਾਂਦਾ। ਸਾਰਾ ਪੰਥ ਪਰਸਪਰ ਪਿਆਰ ਤੇ ਇਤਫ਼ਾਕ-ਏਕਤਾ ਦੇ ਡਾਢੇ ਮਜ਼ਬੂਤ ਧਾਗੇ ਵਿਚ ਬਝਾ ਸੀ। ਇਹੋ ਉਨ੍ਹਾਂ ਦੀ ਤਾਕਤ ਦਾ ਰਾਜ਼ ਸੀ। ਦਿੱਲੀ ਤੇ ਲਾਹੌਰ ਦੀ ਸਰਕਾਰ ਨਵਾਬੀ ਥਾਲ ਵਿਚ ਰਖ ਕੇ ਖਾਲਸੇ ਦੇ ਮਗਰ ਮਗਰ ਤੁਰੀ ਫਿਰਦੀ ਸੀ, ਜਿਸਨੂੰ ਖਾਲਸਾ ਠੇਡਿਆਂ ਨਾਲ ਰੋੜ੍ਹੀ ਫਿਰਦਾ ਸੀ। ਸਰਕਾਰ ਆਪਣੀ ਭੇਟਾ ਕਬੂਲ ਕਰਾਉਣ ਲਈ ਲਿਲ੍ਹਕੜੀਆਂ ਲੈਂਦੀ ਪਈ ਸੀ। ਕਿਉਂ ? ਸਰਕਾਰ ਉਨ੍ਹਾਂ ਦੇ ਇਤਫ਼ਾਕ ਦੀ ਤਾਕਤ ਤੇ ਆਚਰਣ ਦੀ ਉੱਚਤਾ ਤੋਂ ਕੰਬਦੀ ਸੀ। ਉਹ ਅਣਖੀ ਸੂਰਮੇ ਤੇ ਧਰਮੀ ਬੀਰ ਬਹਾਦਰ ਸਨ। ਅੱਜ ਵਾਲੇ ਖਾਲਸੇ ਦੇ ਅਖੌਤੀ ਜਥੇਦਾਰਾਂ ਵਾਂਗ ਚੌਧਰ (ਕੁਰਸੀ) ਦੇ ਭੁੱਖੇ, ਖ਼ੁਦ-ਗ਼ਰਜ਼ੀ ਤੇ ਲਾਲਚ ਵਿਚ ਗ੍ਰਸੇ ਹੋਏ, ਈਰਖਾ ਤੇ ਫੁਟ ਦੇ ਸ਼ਿਕਾਰ ਤੇ ਮੰਡੀ ਦਾ ਵਿਕਾਊ ਮਾਲ ਨਹੀਂ ਸਨ। ਹੁਣ ਤਕ ਜਿੰਨੀ ਲਾਅਨਤ ਪੱਲੇ ਪਾ ਲਈ ਹੈ, ਇਸ ਕਲੰਕ ਦਾ ਟਿੱਕਾ ਪੁਸ਼ਤਾਂ ਤੱਕ ਮੱਥਿਓਂ ਨਹੀਂ ਲਹਿੰਦਾ। ਪੰਜਾਬ ਸਰਕਾਰ ਨਵੇਂ ਜ਼ਿਲੇ



www.AKJ.Org

ਬਣਾਉਣ ਲਈ ਤੁੱਲੀ ਹੋਈ ਹੈ, ਅਜੋਕੇ ਆਗੂ ਨਵੇਂ ਦਲ ਖੜੇ ਕਰਨ ਵਾਸਤੇ ਜਿਦੇ ਹੋਏ ਹਨ। ੧੪ ਜ਼ਿਲੇ, ੧੪ ਹੀ ਦਲ।

ਪੁਰਾਤਨ ਸਿੰਘ ਜੋ ਗੁਰਮਤਾ ਸੋਧ ਲੈਂਦੇ, ਉਸ ਨੂੰ ਪੂਰਾ ਕਰ ਕੇ ਹੀ ਛਡਦੇ। ਗੁਰਮਤਾ ਕੀਤਾ ਕਿ ਮੁਗਲ ਰਾਜ ਦੀ ਜੜ੍ਹ ਪੁਟ ਦੇਣੀ ਹੈ, ਤਲਾ-ਮੂਲ ਪੁੱਟ ਕੇ ਰਖ ਦਿਤਾ। ਅਰਦਾਸਾ ਸੋਧਿਆ ਕਿ ਸਿਖ ਰਾਜ ਸਥਾਪਤ ਕਰਨਾ ਹੈ, ਬੰਦਾ ਸਿੰਘ ਦੀ ਅਗਵਾਈ ਵਿਚ ਰਾਜ ਕਾਇਮ ਕਰ ਦਿਤਾ। ਪ੍ਰਣ ਕੀਤਾ ਕਿ "ਕਾਬਲੀ ਬਿੱਲਾ"—ਅਹਿਮਦ ਸ਼ਾਹ ਅਬਦਾਲੀ, ਨੂੰ ਹਿੰਦਸਤਾਨ ਵਿਚ ਨਹੀਂ ਵੜਨ ਦੇਣਾ। ਉਸ ਨੂੰ ਐਸਾ ਕੁਟਾਪਾ ਚਾੜ੍ਹਿਆ ਕਿ ਮੁੜ ਏਧਰ ਮੂੰਹ ਨਹੀਂ ਕਰ ਸਕਿਆ। ਉਹ ਕੀ ਨਜ਼ਾਰਾ ਸੀ! ਹਿੰਦੁਸਤਾਨ ਦੀਆਂ ਸ਼ਾਹੀ ਫ਼ੌਜਾਂ, ਮਰਹੱਟੇ, ਭਰਤਪੁਰੀਏ ਜਾਟ ਅੱਗੇ ਅੱਗੇ ਤੇ ਅਬਦਾਲੀ ਮਗਰ ਮਿਲ ਮਿਲ ਤਲਵਾਰਾਂ ਮਾਰ ਰਿਹਾ ਹੈ, ਪਰ ਪੰਜਾਬ ਵਿਚ ਅਬਦਾਲੀ ਮੂਹਰੇ ਹੈ ਤੇ ਸਿਖ ਸ਼ਿਕਾਰੀਆਂ ਵਾਂਗ ਪਿਛੇ ਪਿਛੇ। ਏਸ਼ੀਆ ਭਰ ਵਿਚ ਅਬਦਾਲੀ ਦਾ ਡੰਕਾ ਵੱਜ ਰਿਹਾ, ਰਾਜੇ, ਨਵਾਬ, ਜਗੀਰਦਾਰ ਵੱਡੇ ਵੱਡੇ ਤਾਨਾਸ਼ਾਹ, ਉਸ ਅੱਗੇ ਦੂਹਰੇ ਹੋ ਹੋ ਸਲਾਮਾਂ ਕਰਦੇ ਹਨ, ਉਸ ਅੱਗੇ ਅਧੀਨਗੀ ਦੇ ਪਟੇ ਲੈਂਦੇ ਹਨ, ਅਣਖ ਗੁਆ ਕੇ ਉਸ ਨਾਲ ਦੋਸਤੀਆਂ ਗੰਢਣ ਵਿਚ ਮਾਣ ਸਮਝਦੇ ਹਨ; ਕਾਬਲੋਂ ਅਬਦਾਲੀ ਦੇ ਹਿੰਦੁਸਤਾਨ ਵਲ ਚੜ੍ਹਨ ਦੀ ਅਫਵਾਹ ਉਡਦੀ ਹੈ, ਸਾਰੇ ਜਹਾਨ ਵਿਚੋਂ ਸਭ ਤੋਂ ਵੱਡੀ ਬਰਤਾਨੀਆ ਦੇ ਸੂਰਮੇ, ਦਿੱਲੀ, ਅਲਾਹਬਾਦ, ਕਾਨਪੁਰ, ਲਖਨਊ ਤੇ ਮੁਰਸ਼ਦਾਬਾਦ ਵਿਚ ਆਪਣੇ ਬੰਗਲੇ ਸੁੰਞੇ ਛੱਡ ਦੁੰਮ ਦਬਾ ਕੇ ਨੱਸ ਜਾਂਦੇ ਹਨ ਤੇ ਕਲਕੱਤੇ ਦੇ ਵਿਲੀਅਮ ਫ਼ੋਰਟ ਵਿਚ ਸਿਰੀਆਂ ਜਾ ਲੁਕਾਉਂਦੇ ਹਨ, ਆਪਣੀਆਂ ਥੋਥਨੀਆਂ ਕੰਧਾਂ ਉਤੋਂ ਚੁਕ ਚੁਕ ਵੇਂਹਦੇ ਹਨ ਕਿ ਅਫ਼ਗਾਨ ਕਲਕੱਤੇ ਵਲ ਤਾਂ ਨਹੀਂ ਆ ਰਿਹਾ। ਹੁਗਲੀ ਵਿਚ ਜਹਾਜ਼ ਤਿਆਰ ਰਖੇ ਜਾਂਦੇ ਹਨ, ਕਿ ਜੇ ਉਹ ਬੰਗਾਲ ਵਿਚ ਆ ਵੜੇ ਤਾਂ ਛਾਲਾਂ ਮਾਰ ਜਹਾਜ਼ਾਂ ਵਿਚ ਚੜ੍ਹ ਕੇ "ਮਹਾਨ ਬਰਤਾਨੀਆ" ਦੀ ਕੱਛ ਵਿਚ ਜਾ ਲੁਕੀਏ। ਇਹ ਡਰ ਹੁੰਦੈ ਬੇਗ਼ਾਨਿਆਂ ਪੁਤਾਂ ਦਾ।

ਪਰ ਇਹੋ ਅਬਦਾਲੀ, ਜੋ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਘੱਲੂਘਾਰੇ ਮਚਾ ਥਕਿਆ, ਸਿੱਖਾਂ ਦੇ ਜੌਹਰ ਤੇ ਉਨ੍ਹਾਂ ਦੀ ਤਲਵਾਰ ਦੀ ਕਾਟ ਨੂੰ ਵੇਖ ਅਜ਼ਮਾ ਕੇ ਅਨੁਭਵ ਕਰ ਲੈਂਦਾ ਹੈ ਕਿ ਉਸ ਦੇ ਦੁਰਾਨੀ ਸਿਪਾਹੀ ਸਿੱਖਾਂ ਨਾਲ ਪੁੱਗ ਨਹੀਂ ਸਕਣਗੇ, ਸਿੱਖਾਂ ਨਾਲ ਯਰਾਨਾ ਗੰਢਣ ਲਈ ਹੱਥ ਵਧਾਉਂਦਾ ਹੈ। ਉਨ੍ਹਾਂ ਨੂੰ ਨਜ਼ਰ ਨਿਆਜ਼ ਘਲਦਾ ਹੈ, ਪੰਜਾਬ ਦੀ ਸਰਦਾਰੀ ਲਈ ਮੋਹਰਾਂ ਕਰਕੇ ਦੇਣ ਨੂੰ ਤਿਆਰ ਹੈ, ਕਹਿੰਦੇ ਕਿ ਉਹ ਪੰਜਾਬ ਵਿਚਦੀ ਦਿਲ ਨੂੰ ਲੰਘੇਗਾ ਵੀ ਨਹੀਂ, ਸਿਰਫ ਮੁਲਤਾਨ ਵਲੋਂ ਉਸਦਾ ਰਸਤਾ ਨਾ ਰੋਕਿਆ ਜਾਵੇ। ਆਓ ਖਾਲਸਾ ਜੀ, ਮੇਰੇ ਨਾਲ ਸੁਲਾਹ ਕਰ ਲਵੋ। ਆਓ ਦੋਸਤ ਬਣ ਜਾਈਏ। ਪਰ ਸਿੰਘ ਉਸ ਦੀ ਬਾਦਸ਼ਾਹੀ ਤੇ ਦੋਸਤੀ ਨੂੰ ਜੁੱਤੀ ਦੀ ਨੋਕ ਨਾਲ ਠੁਕਰਾਉਂਦੇ ਹੋਇ ਕਹਿੰਦੇ ਹਨ: ਸਾਨੂੰ ਬਾਦਸ਼ਾਹੀ ਤਾਂ ਕਲਗੀਧਰ ਨੇ ਬਖ਼ਸ਼ੀ ਹੈ, ਤੂੰ ਕੌਣ ਹੈਂ ਸਾਨੂੰ ਬਾਦਸ਼ਾਹੀ ਦੇਣ ਵਾਲਾ? ਰਹੀ ਗੱਲ ਦੋਸਤੀ ਤੇ ਸੁਲਾਹ ਦੀ। ਤੇਰਾ ਸਾਡਾ ਮਿਲਾਪ ਬਰੂਦ ਤੇ ਅੱਗ ਵਾਲਾ ਹੈ। ਤੇਰੀ ਸਾਡੀ ਸੁਲਾਹ ਖ਼ੈਬਰ ਵਿਚ ਤਲਵਾਰੀਂ ਹੋਵੇਗੀ। ਸੁਲਾਹ ਦੀਆਂ ਸ਼ਰਤਾਂ, ਤਲਵਾਰਾਂ ਤੁਹਡੇ ਦੁਰਾਨੀਆਂ ਦੇ ਖ਼ੂਨ ਵਿਚ ਡੋਬ ਡੋਬ ਲਿਖਾਂਗੇ। ਜ਼ਰਾ ਸਮੇਂ ਨੂੰ ਉਡੀਕ ਕਿ ਗ਼ੈਬ ਚੋਂ ਕੀ ਅਵਾਜ਼ ਆਉਂਦੀ ਹੈ। ਸਾਡੇ ਨਾਲ ਸੁਲਾਹ ਕਰ ਕੇ ਹਿੰਦੁਸਤਾਨ ਦੀ ਲੁੱਟ ਲਈ ਰਸਤਾ ਸਾਫ ਕਰਦੈਂ? ਮੁਲਤਾਨ ਵਾਲੇ ਪਾਸਿਓਂ ਤਾਂ ਕੀ, ਤੈਨੂੰ ਕਿਸੇ ਪਾਸਿਓਂ ਵੀ ਹਿੰਦੁਸਤਾਨ ਵਲ ਝਾਕਣ ਤੱਕ ਨਹੀਂ ਦੇਣਾ। ਤੇਰੀ ਸਾਡੀ ਅਹਿਮਦਾ, ਤਲਵਾਰੀਂ ਬਾਜ਼ੀ! ਮੁਗਲ, ਮਰਹਟੇ ਤੇ ਜਾਟ ਨਹੀਂ ਜੋ ਤਲੀਏ ਭੋਰ ਲਵੇਂਗਾ। ਇਹ ਕਲਗੀਧਰ ਦਾ ਫੋਲਾਦੋਂ ਵਧ ਮਜ਼ਬੂਤ ਖਾਲਸਾ ਹੈ, ਜੋ ਤੇਰੇ ਵਰਗੇ ਜਰਵਾਣਿਆਂ ਲਈ ਮਲਕੁਲ-ਮੌਤ (ਮੌਤ ਦਾ ਫਰਿਸ਼ਤਾ) ਦਾ ਰੂਪ ਹੈ। ਤੇਰਾ ਭਲਾ, ਜੇ ਤੂੰ ਮਨੋਂ ਚਾਹੁੰਦਾ ਹੋਵੇਂ, ਇਸੇ ਵਿਚ ਹੈ ਕਿ ਹਿੰਦੁਸਤਾਨ ਵਲ ਕਦੀ ਅੱਖ ਵੀ ਨਾ ਕਰੀਂ।[੧]

ਸੰਮਤੀ-ਭੇਤ ਉਨ੍ਹਾਂ ਵਿਚ ਵੀ ਸੀ। ਪਰ ਅੱਜ ਕੱਲ੍ਹ ਵਰਗਾ ਮਾਰੂ ਕਿਸਮ ਦਾ ਨਹੀਂ ਸੀ। ਅੱਡ ਅੱਡ ਵਿਚਾਰ ਰਖਦੇ ਹੋਇ ਵੀ ਇੱਕ ਸਨ। ਜੋ ਗੁਰਮਤਾ ਪਾਸ ਕਰਦੇ, ਉਸ ਤੇ ਪੂਰਾ ਪਹਿਰਾ ਦੇਂਦੇ। ਬਾਹਰਲੇ ਦੁਸ਼ਮਣ ਵਿਰੁਧ ਇਕ ਹੋ ਕੇ ਲੜਦੇ। ਅਜੋਕੇ ਆਗੂਆਂ ਵਾਲਾ ਮੰਦਾ ਹਾਲ ਨਹੀਂ ਸੀ। ਛਪੜੀ ਦੇ ਚੁਫੇਰੇ ਬੈਠੇ ਬਰਸਾਤ ਦੇ



www.AKJ.Org

ਡੱਡੂਆਂ ਵਾਂਗ ਸਾਰੇ ਅੱਡੋ ਅੱਡ ਗੜੈਂ ਗੜੈਂ ਕਰ ਰਹੇ ਹਨ। ਕਿਸੇ ਤੇ ਕੋਈ ਅਸਰ ਨਹੀਂ। ਕਹਿੰਦੇ ਸਾਰੇ ਇੱਕੋ ਗੱਲ ਹਨ, ਪਰ ਇੱਕ ਹੋ ਕੇ ਨਹੀਂ ਕਹਿੰਦੇ। ਨਾਮ ਤਾਂ ਪਿਛਲਿਆਂ ਸਿੰਘਾਂ ਦਾ ਲੈ ਲੈ ਕੇ ਅਗਵਾਈ ਚਮਕਾਉਂਦੇ ਹਨ, ਪਰ ਉਨ੍ਹਾਂ ਵਾਲਾ ਪੱਲੇ ਗੁਣ ਕੋਈ ਵੀ ਨਹੀਂ। ਜੱਟ ਨੇ ਆਪਣੇ ਗੰਨਿਆਂ ਤੋਂ ਚਾਰ ਜ਼ਾਤਾਂ ਨਿਖੇੜ ਕੇ ਕੁੱਟੀਆਂ ਸਨ, ਇਹ ਵੀ ਉਹੋ ਕਹਾਣੀ ਦੁਹਰਾ ਰਹੇ ਹਨ। ਅੱਡ ਅੱਡ ਹੋ ਕੇ ਸਰਕਾਰ ਤੋਂ ਕੁੱਟ ਖਾ ਰਹੇ ਹਨ।

**ਪੰਥ ਦੇ ਉੱਘੇ ਸਰਦਾਰ–**

ਉਸ ਵੇਲੇ ਖਾਲਸਾ ਪੰਥ ਦੇ ਨਾਮਵਰ ਸਿੰਘ ਇਹ ਸਨ : ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ, ਬੁਢਾ ਸਿੰਘ, ਸੰਗਤ ਸਿੰਘ, ਈਸ਼ਰ ਸਿੰਘ, ਭਗਤ ਸਿੰਘ, ਦੇਵਾ ਸਿਘ, ਸਾਧੂ ਸਿੰਘ, ਹਰਦਿਤ ਸਿੰਘ, ਅਮਰ ਸਿੰਘ, ਸੱਜਣ ਸਿੰਘ, ਦੀਪ ਸਿੰਘ, ਸ਼ਹੀਦ ਨੱਥਾ ਸਿੰਘ, ਸ਼ਹੀਦ ਗਿਆਨ ਸਿੰਘ, ਗੁਰਬਖਸ਼ ਸਿੰਘ ਸ਼ਹੀਦ, ਥਰਾਜ ਸਿੰਘ, ਜੱਸਾ ਸਿੰਘ, ਕਰਮ ਸਿੰਘ, ਭੋਮਾ ਸਿੰਘ, ਸ਼ੀਹਾਂ ਸਿੰਘ, ਅਤਰ ਸਿੰਘ, ਬਦਨ ਸਿੰਘ, ਕੇਹਰ ਸਿੰਘ, ਅਤਰ ਸਿੰਘ, ਕਰਮ ਸਿੰਘ, ਬੱਜੂ ਸਿੰਘ, ਬੋਤਾ ਸਿੰਘ, ਘਨਘੋਰ ਸਿੰਘ ਆਦਿਕ।

ਇਨ੍ਹਾਂ ਤੋਂ ਬਿਨਾਂ ਚੜ੍ਹਤ ਸਿੰਘ, ਜੈ ਸਿੰਘ, ਗੁੱਜਰ ਸਿੰਘ, ਮਤਾਬ ਸਿੰਘ, ਸੁਖਾ ਸਿੰਘ, ਤਾਰਾ ਸਿੰਘ ਗੈਬਾ, ਜੱਸਾ ਸਿੰਘ ਰਾਮਰੜ੍ਹੀਆ ਆਦਿਕ ਅਜੇ ਛੋਟੀ ਅਵਸਥਾ ਵਿਚ ਸਨ, ਪਿਛੋਂ ਜਦ ਇਹ ਦੜਕੇ ਤਾਂ ਛੋਟੇ ਜਾਂ ਪਹਿਲੇ ਘਲੂਘਾਰੇ ਸਮੇਂ ਇਨ੍ਹਾਂ ਖ਼ੂਬ ਤੇਗਾਂ ਮਾਰੀਆਂ ਤੇ ਨਾਮਤਾ ਖਟਿਆ।

ਮੁਖੀ ਆਗੂਆਂ ਵਿਚ ਸੇਵਾ ਪੱਖੋਂ ਅਹੁਦਿਆਂ ਦੀ ਵੰਡ ਇਸ ਤਰ੍ਹਾਂ ਸੀ : ਸ਼੍ਰੋਮਣੀ ਧਾਰਮਿਕ ਆਗੂ ਤੇ ਦਰਬਾਰ ਸਾਹਿਬ ਦਾ ਗ੍ਰੰਥੀ ਭਾਈ ਮਨੀ ਸਿੰਘ, ਦਰਬਾਰਾ ਸਿੰਘ ਦੀਵਾਨ, ਨਵਾਬ ਕਪੂਰ ਸਿੰਘ ਨਿਸ਼ਾਨ ਬਰਦਾਰ, ਗੁਰਬਖਸ਼ ਸਿੰਘ ਤੋਪਾਂ ਤੇ ਜ਼ੰਬੂਰਿਆਂ ਦਾ ਸੰਭਾਲੂ, ਹਰੀ ਸਿੰਘ ਲੰਗਰ ਦਾ ਜਥੇਦਾਰ, ਜੱਸਾ ਸਿੰਘ ਆਹਲੂਵਾਲੀਆ ਘੋੜਿਆਂ ਦੇ ਦਾਣੇ ਦਾ ਵਰਤਾਵਾ।

ਦੀਵਾਨ ਤੇ ਨਵਾਬ ਦੇ ਪਰਮੁਖ ਸਲਾਹਕਾਰ ਸਨ : ਦੀਪ ਸਿੰਘ ਸ਼ਹੀਦ, ਹਰੀ ਸਿੰਘ ਹਜ਼ੂਰੀ, ਜੱਸਾ ਸਿੰਘ ਰਾਮਰੜ੍ਹੀਆ, ਕਰਮ ਸਿੰਘ ਖਤਰੀ ਅੰਮ੍ਰਿਤਸਰੀਆ, ਬੁਢਾ ਸਿੰਘ ਸ਼ੁਕਰਚੱਕੀਆ, ਭੂਮਾ ਸਿੰਘ, ਗਰਜਾ ਸਿੰਘ, ਈਸ਼ਰ ਸਿੰਘ, ਇਤਿਆਦੀ।

ਸਾਲ ਕੁ ਇਹ ਪਰਬੰਧ ਵਾਹਵਾ ਚੱਲਿਆ। ਸਭ ਕੁਝ ਨਿਯਮਾਂ ਤਹਿਤ ਹੁੰਦਾ ਰਿਹਾ। ਕਿਸੇ ਵੀ ਕਿਸਮ ਦੀ ਗੜਬੜ ਜਾਂ ਲੁਟ-ਮਾਰ ਸਿੰਘਾਂ ਨਹੀਂ ਕੀਤੀ। ਦੀਵਾਨ ਦਰਬਾਰਾ ਸਿੰਘ ਕਾਫੀ ਬਿਰਧ ਹੋ ਗਏ ਸਨ। ਅਗਲੇ ਸਾਲ ਸਾਵਣ ੧੭੯੧ ਬਿਕਰਮੀ ਮੁਤਾਬਕ ੧੭੩੪ ਈ: ਵਿਚ ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ। ਸ: ਦਰਬਾਰ ਸਿੰਘ ਸਾਰੇ ਪੰਥ ਦਾ ਜਥਦਾਰ ਮੰਨਿਆ ਜਾਂਦਾ ਸੀ। ਹੁਣ ਜਦ ਨਵਾਬ ਕਪੂਰ ਸਿੰਘ ਨੂੰ ਉਸਦੀ ਥਾਂ ਪੰਥ ਨੇ ਪ੍ਰਵਾਨ ਕੀਤਾ ਤਾਂ ਉਹੋ ਸਾਰੇ ਪੰਥ ਦਾ ਜਥੇਦਾਰ ਬਣ ਗਿਆ।

ਨਵਾਬ ਕਪੂਰ ਸਿੰਘ ਦੀ ਜਥੇਦਾਰੀ ਵਿਚ ਪਾਹੁਲ ਲੈਣੀ ਸਿਖ ਨੌਜੁਆਨ ਮਾਣ ਸਮਝਦੇ ਸਨ। ਇਕ ਸਾਲ ਵਿਚ ਧੜਾ ਧੜ ਸਿੰਘ ਸੱਜ ਗਏ ਤੇ ਬਹੁਤੇ ਦਲ ਵਿਚ ਹੀ ਰਹਿਣ ਲਗ ਪਏ। ਹੁਣ ਚੂੰਕਿ ਸਿੰਘਾਂ ਦੀ ਗਿਣਤੀ ਬਹੁਤ ਵਧ ਗਈ ਤੇ ਇਕ ਥਾਂ ਸਾਰਿਆਂ ਦਾ ਨਿਰਬਾਹ ਹੋਣਾ ਕਠਨ ਹੋ ਗਿਆ ਸੀ, ਲੰਗਰ ਤੇ ਘੋੜਿਆਂ ਦੇ ਦਾਣੇ ਦੀ ਵੰਡ ਤੋਂ ਬੋਲਾ-ਠੋਲਾ ਹੋ ਜਾਂਦਾ। ਸੋ ਪੰਥ ਦੇ ਮੁਖੀ ਸਿੰਘਾਂ ਇਹ ਸਭ ਵੇਖ ਵਿਚਾਰ ਕੇ ਸਾਰੇ ਦਲ ਦੇ ਦੋ ਹਿਸੇ ਕਰ ਦਿਤੇ, ਜਿਸ ਦੇ ਨਾਉਂ ਹੋਏ "ਬੁਢਾ ਦਲ" ਤੇ "ਤਰਨਾ ਦਲ"। ਸਿਆਣੀ ਉਮਰ ਦੇ ਸਿੰਘ, ਜੋ ਜੰਗਾਂ ਯੁਧਾਂ ਵਿਚ ਹੀ ਉਮਰ ਵਿਹਾ ਕੇ ਬਜ਼ੁਰਗ ਹੋਏ ਸਨ, "ਬੁਢਾ ਦਲ" ਵਿਚ ਸ਼ਾਮਲ ਹੋ ਗਏ। ਨੌਜੁਆਨ, ਜਿਨ੍ਹਾਂ ਦਾ ਗਰਮ ਖ਼ੂਨ ਜੋਸ਼ ਮਾਰਦਾ ਤੇ ਮਾਅਰਕੇ ਮਾਰਨ ਤੇ ਸਾਕੇ ਕਰਨ ਨੂੰ ਕਾਹਲੇ ਸਨ, ਉਨ੍ਹਾਂ ਦਾ ਤਰਨਾ ਦਲ ਬਣਿਆ। ਤਰਨਾ ਦਲ ਨੇ ਬਿਬੇਕ-ਸਰ ਵਾਲੇ ਪਾਸੇ ਆ ਕੇ ਡੇਰੇ ਲਾ ਲਏ। ਲੰਗਰ ਵੀ ਦੋ ਹੋ ਗਏ।

"ਬੁਢਾ ਦਲ" ਦੇ ਮੁਖੀ ਸਿੰਘਾਂ ਫਿਰ ਵਿਚਾਰ ਕੀਤੀ ਕਿ "ਤਰਨਾ ਦਲ", ਜਿਸ ਦੀ ਗਿਣਤੀ ਬਹੁਤ ਜ਼ਿਆਦਾ ਸੀ, ਦਾ ਇਕੱਠਾ ਰਹਿਣਾ ਵੀ ਸੰਭਵ ਨਹੀਂ, ਮਤਾਂ ਕੋਈ ਬੇਇਤਫ਼ਾਕੀ ਫੁਟ ਪਵੇ। ਇਸ ਲਈ ਇਨ੍ਹਾਂ ਦੇ



www.AKJ.Org

ਵੀ ਅਗੋਂ ਇਹ ਪੰਜ ਜਥੇ ਬਣਾ ਦਿਤੇ :

੧. ਪਹਿਲਾ ਜਥ ਸ਼ਹੀਦਾਂ ਦਾ—ਮੁਖੀ ਜਥੇਦਾਰ ਬਾਬਾ ਦੀਪ ਸਿੰਘ, ਉਨ੍ਹਾਂ ਦੇ ਨਾਲ ਨੱਥਾ ਸਿੰਘ, ਗੁਰਬਖਸ਼ ਸਿੰਘ ਤੇ ਪ੍ਰੇਮ ਸਿੰਘ ਪ੍ਰਸਿਧ ਸਿੰਘ ਸਨ।

੨. ਦੂਜਾ ਜਥਾ ਅੰਮ੍ਰਿਤਸਰੀਆਂ ਦਾ—ਇਸ ਦੇ ਸਰਦਾਰ ਕਰਮ ਸਿੰਘ ਤੇ ਧਰਮ ਸਿੰਘ ਖਤਰੀ ਸਨ।

੩. ਤੀਜਾ ਜਥਾ ਸਾਹਿਬਜ਼ਾਦਿਆਂ ਦਾ—ਇਸ ਦੇ ਆਗੂ ਬਾਬਾ ਕਾਹਨ ਸਿੰਘ ਭਲਾ ਸਨ। ਮੀਰੀ ਸਿੰਘ ਭੱਲਾ, ਹਰੀ ਸਿੰਘ ਢਿਲੋਂ ਤੇ ਬਾਘ ਸਿੰਘ ਹਲੋਵਾਲੀਆ ਨਾਲ ਨਾਮੀ ਸਰਦਾਰ ਸਨ।

੪. ਚੌਥਾ ਜਥਾ ਡੱਲੇਵਾਲੀਆਂ ਦਾ—ਇਸ ਦਾ ਜਥੇਦਾਰ ਪਿੰਡ ਕੋਟ ਬੁਢੇ ਦਾ ਦਸੌਂਧਾ ਸਿੰਘ ਗਿਲ ਜੱਟ ਸੀ। ਇਸ ਵਿਚ ਉਘੇ ਸਰਦਾਰ ਫਤਹ ਸਿੰਘ ਭਗਤੂ ਕਾ, ਕਰਮ ਸਿੰਘ, ਗੁਰਦਿਆਲ ਸਿੰਘ, ਹਰਦਿਆਲ ਸਿੰਘ ਖਤਰੀ ਡਲੇ ਪਿੰਡ ਵਲੇ।

੫. ਪੰਜਵਾਂ ਜਥਾ ਰੰਘਰਟੇ ਸਿੰਘਾਂ ਦਾ—ਇਸ ਦੇ ਪ੍ਰਮੁਖ ਆਗੂ ਬੀਰ ਸਿੰਘ, ਜੀਊਣ ਸਿੰਘ, ਮਦਨ ਸਿੰਘ ਤੇ ਅਮਰ ਸਿੰਘ ਸਨ।

ਇਨ੍ਹਾਂ ਪੰਜਾਂ ਜਥਿਆਂ ਦੇ ਜਥੇਦਾਰਾਂ ਨੂੰ, ਇਕ ਇਕ ਨਿਸ਼ਾਨ, ਇਕ ਨਗਾਰਾ, ਲੋੜੀਂਦੇ ਘੋੜੇ ਸ਼ਸਤਰ, ਲੰਗਰ ਦਾ ਸਾਮਾਨ ਦੇ ਕੇ ਅੱਡੋ ਅੱਡ ਡੇਰੇ ਕਰਨ ਦਾ ਹੁਕਮ ਦਿਤਾ ਗਿਆ। ਫੇਰ ਸਾਰੇ ਸਿੰਘਾਂ ਨੂੰ ਖੁਲ੍ਹ ਦਿਤੀ ਗਈ ਕਿ ਜਿਸ ਸਿੰਘ ਦਾ ਜਿਸ ਸਰਦਾਰ ਨਾਲ ਦਿਲ ਮਿਲੇ, ਉਸ ਜਥੇ ਵਿਚ ਬੜੀ ਖੁਸ਼ੀ ਨਾਲ ਚਲਿਆ ਜਾਵੇ, ਕੋਈ ਰੋਕ ਨਹੀਂ ਹੋਵੇਗੀ। ਸਭ ਥਾਂ ਗੁਰੂ ਕਾ ਪੰਥ, ਗੁਰੂ ਕਾ ਘਰ ਇੱਕੋ ਹੈ। ਇਨ੍ਹਾਂ ਪੰਜਾਂ ਜਥਿਆਂ ਨੇ ਰਾਮਸਰ, ਸੰਤੋਖ ਸਰ, ਬਿਬੇਕ ਸਰ ਆਦਿ ਥਾਵਾਂ ਤੇ ਅੱਡ ਅੱਡ ਕਰ ਕੇ ਆਪਣੇ ਡੇਰੇ ਲਾ ਲਏ। "ਬੁਢਾ ਦਲ" ਦਾ ਡੇਰਾ ਅਕਾਲ ਬੁੰਗੇ ਰਿਹਾ। "ਬੁਢਾ ਦਲ" ਦਾ ਸਿਰਮੌਰ ਜਥੇਦਾਰ ਨਵਾਬ ਕਪੂਰ ਸਿੰਘ ਸੀ, ਜੋ ਉਸ ਤਰ੍ਹਾਂ ਸਾਰੇ ਦਲ ਖਾਲਸਾ ਦਾ ਪ੍ਰਮਾਣਤ ਮੁਖੀ ਸੀ। ਨਵਾਬ ਕਪੂਰ ਸਿੰਘ ਤੋਂ ਪਿਛੋਂ "ਬੁੱਢਾ ਦਲ" ਦੇ ਨਾਮਵਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਬਰਾਜ ਸਿੰਘ ਹੋਏ ਹਨ।

ਪਿਛੋਂ "ਬੁਢਾ ਦਲ" ਤੇ "ਤਰਨਾ ਦਲ" ਦਿਆਂ ਸਰਦਾਰਾਂ ਦੀਆਂ ੧੨ ਮਿਸਲਾਂ ਬਣ ਗਈਆਂ, ਜਿਨ੍ਹਾਂ ਹਿੰਦੁਸਤਾਨ ਦੇ ਚੋਖੇ ਵੱਡੇ ਹਿਸੇ ਉੱਤੇ ਆਪਣੀ ਆਪਣੀ ਸਿੱਕਦਾਰੀ ਕਾਇਮ ਕਰ ਲਈ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ (ਸ਼ੁਕਰਚੱਕੀਆ ਮਿਸਲ) ਨੇ ੧੧ ਮਿਸਲਾਂ ਖ਼ਤਮ ਕਰਕੇ ਖਾਲਸਾ ਰਾਜ ਸਥਾਪਤ ਕਰ ਦਿਤਾ। ੧੨ਵੀਂ "ਫੂਲਕੀਆਂ ਮਿਸਲ" ਨਾਲ ਨਾ ਮਿਲੀ, ਅੰਗਰੇਜ਼ਾਂ ਦੀ ਗੋਦੀ ਵਿਚ ਵੜ ਬੈਠੀ ਅਤੇ ਖਾਲਸਾ ਰਾਜ ਦੇ ਪੂਰਬ ਵਾਲੇ ਪਾਸੇ ਪਸਾਰ ਨੂੰ ਰੋਕਣ ਵਿਚ ਅੰਗਰੇਜ਼ਾਂ ਦਾ ਹੱਥ-ਠੋਕਾ ਬਣੀ। ੧੧ ਮਿਸਲਾਂ ਦੀਆਂ ਅਥਾਹ ਕੁਰਬਾਨੀਆਂ ਤੇ ਘਾਲਾਂ ਨੂੰ ਇਸ "ਫੂਲਕੀਆਂ ਮਿਸ਼ਲ" ਨੇ ਖੂਹ ਖਾਤੇ ਵਿਚ ਪਾ ਦਿਤਾ।੨

ਸਿੰਘਾਂ ਦੀ ਗਿਣਤੀ ਬਹੁਤ ਵਧ ਜਾਣ ਕਰਕੇ ਚੜ੍ਹਾਵੇ ਤੇ ਜਾਗੀਰ ਦੀ ਆਮਦਨ ਨਾਲ ਖਰਚ ਪੂਰਾ ਹੋਣਾ ਮੁਸ਼ਕਲ ਹੋ ਗਿਆ। ਇਹ ਵੇਖ ਕੇ ਬਹੁਤ ਸਾਰੇ ਸਿੰਘ ਘਰਾਂ ਨੂੰ ਚਲੇ ਗਏ ਤੇ ਵਾਹੀ ਜੋਤੀ ਦੇ ਕਾਰ ਵਿਹਾਰ ਵਿਚ ਜਾ ਲੱਗੇ। ਤਰਨਾ ਦਲ ਦੇ ਪੰਜੇ ਜਥੇ ਕੂਚ ਕਰ ਕੇ ਹਾਂਸੀ ਹਿਸਾਰ ਵਲ ਜਾ ਨਿਕਲੇ। ਪਿਛੇ ਸ੍ਰੀ ਅੰਮ੍ਰਿਤਸਰ ਸਾਹਿਬ ਕੇਵਲ ਬੁਢਾ ਦਲ ਹੀ ਰਹਿ ਗਿਆ।

## ਜ਼ਕਰੀਆ ਖ਼ਾਨ ਦੀ ਨੀਅਤ ਬਦਲਣੀ—

ਜਾਗੀਰ ਦੇ ਕੇ ਸੂਬੇਦਾਰ ਖਾਨ ਬਹਾਦਰ ਸਮਝਦਾ ਸੀ, ਸਿੱਖਾਂ ਵਿਚ ਫੁਟ ਪੈ ਜਾਵੇਗੀ ਤੇ ਆਪਸੀ ਤਲਵਾਰ ਚਲੇਗੀ। ਕੁਝ ਆਪਸ ਵਿਚ ਲੜ ਮਰਨਗੇ, ਬਾਕੀਆਂ ਨੂੰ ਫੜ ਕੇ ਬਿਲੇ ਲਾ ਦਿਆਂਗਾ। ਤੇ ਇੰਜ ਸਦਾ ਦਾ ਰੇੜਕਾ ਮੁਕ ਜਾਵੇਗਾ। ਉਸ ਦੀ ਇਹ ਬੜੀ ਗੁਝੀ ਮਾਰੂ ਚਾਲ ਸੀ। ਪਰ ਜਾਗੀਰ ਸਿੰਘਾਂ ਦੇ ਆਪਸੀ ਪਿਆਰ ਵਿਚ ਤ੍ਰੇੜ ਨਾ ਲਿਆ ਸਕੀ। ਕੋਈ ਫੁੱਟ ਨਾ ਪਈ ਤਾਂ ਜ਼ਕਰੀਆ ਖ਼ਾਨ ਅੰਦਰੇ ਅੰਦਰ ਧੁਖਣ ਲੱਗਾ। ਉਹ ਕਿਸੇ ਮੌਕੇ ਦੀ ਤਾੜ ਵਿਚ ਸੀ। ਹੁਣ ਜਦ ਉਸ ਨੂੰ ਖ਼ਬਰ ਲੱਗੀ ਕਿ ਸਿੰਘਾਂ ਦੇ ਦੋ ਦਲ' ਬੁਢਾ ਦਲ ਤੇ ਤਰਨਾ



www.AKJ.Org

ਦਲ ਬਣ ਗਏ ਹਨ ਤੇ ਅੱਗੇ ਤਰਨਾ ਦਲ ਵੀ ਪੰਜੀਂ ਥਾਈਂ ਹੋ ਗਿਆ ਹੈ ਤਾਂ ਉਹ ਬੜਾ ਖੁਸ਼ ਹੋਇਆ। ਜਾਗੀਰ ਤੇ ਨਜ਼ਰ-ਭੇਟ ਤੋਂ ਹੋਣ ਵਾਲੀ ਆਮਦਨ ਨਾਲ ਖਰਚ ਪੂਰਾ ਨਾ ਹੁੰਦਾ ਵੇਖ ਕੇ ਕਈ ਸਿੰਘ ਘਰਾਂ ਨੂੰ ਚਲੇ ਗਏ ਹਨ ਤੇ ਤਰਨਾ ਦਲ ਦੇ ਪੰਜੇ ਜਥੇ ਅੰਮ੍ਰਿਤਸਰੋਂ ਨਿਕਲ ਗਏ ਹਨ ਤੇ ਪਿਛੇ ਸਿਰਫ਼ ਬੁਢਾ ਦਲ ਹੀ ਰਹਿ ਗਿਆ ਹੈ। ਉਸ ਨੇ ਸਮਝਿਆ ਕਿ ਸਿੱਖਾਂ ਵਿਚ ਫੁਟ ਪੈ ਗਈ ਹੈ। ਸਾਰੀ ਸ਼ਕਤੀ ਖਿੰਡ-ਪੁੰਡ ਗਈ ਹੈ। ਬੇਈਮਾਨ ਮਨ ਵਿਚ ਵਿਸਾਹਘਾਤ ਪ੍ਰਬਲ ਹੋ ਗਿਆ। ਸਿੱਖਾਂ ਉਤੇ ਭਰਪੂਰ ਵਾਰ ਕਰਨ ਦੀ ਵਿਉਂਤ ਸੋਚ ਮਿਥ ਕੇ ਦਿੱਤੀ ਹੋਈ ਜਾਗੀਰ ੧੭੩੫ ਈ: ਵਿਚ ਜ਼ਬਤ ਕਰ ਲਈ। ਨਵਾਬ ਕਪੂਰ ਸਿੰਘ ਨੂੰ ਲਿਖ ਭੇਜਿਆ ਕਿ ਜਥੇ ਸਮੇਤ ਸਰਕਾਰੀ ਨੌਕਰੀ ਕਰ ਲਵੇ। ਨਵਾਬ ਸਾਹਿਬ ਨੇ ਜਵਾਬ ਭੇਜਿਆ ਕਿ ਤੁਹਾਡੀ ਤਾਬਿਆਦਾਰੀ ਸਿੰਘਾਂ ਨੂੰ ਕਦੀ ਵੀ ਮਨਜ਼ੂਰ ਨਹੀਂ ਹੋ ਸਕਦੀ। ਬਾਹਰੋਂ ਤੁਹਾਡੇ ਤੇ ਜੇ ਕੋਈ ਚੜ੍ਹ ਕੇ ਆਵੇ ਤਾਂ ਸਹਾਇਤਾ ਲਈ ਖਾਲਸਾ ਸਦਾ ਤਿਆਰ-ਬਰ-ਤਿਆਰ ਹੈ। ਤੁਸੀਂ ਆਪਣੇ ਕੌਲ ਇਕਰਾਰ ਹਾਰ ਕੇ ਆਨੇ ਬਹਾਨੇ ਸਿੰਘਾਂ ਦੀ ਜਾਗੀਰ ਬੰਦ ਕਰ ਲਈ ਹੈ। ਇਸ ਤੋਂ ਫਿਰ ਫ਼ਸਾਦ ਦੀ ਅੱਗ ਭੜਕੇਗੀ। ਨੁਕਸਾਨ ਤਾਂ ਸਾਡਾ ਵੀ ਹੋਵੇਗਾ, ਪਰ ਬਚ ਤੁਸੀਂ ਵੀ ਨਹੀਂ ਸਕੋਗੇ। ਦੇਸ ਭਰ ਵਿਚ ਅਮਨ ਅਮਾਨ ਦੀ ਤਬਾਹੀ ਦੇ ਜ਼ਿੰਮੇਵਾਰ ਤੁਸੀਂ ਹੋਵੋਗੇ। ਅਸੀਂ ਤਾਂ ਆਪਣੇ ਬਚਨ ਤੇ ਕਾਇਮ ਹਾਂ, ਪਰ ਤੁਸੀਂ ਆਪ ਕੌਲ ਕਰਕੇ ਹਾਰ ਰਹੇ ਹੋ, ਤੁਹਾਨੂੰ ਇਹ ਸ਼ੋਭਦਾ ਨਹੀਂ। ਗਵਰਨਰ ਨੇ ਅੱਗੋਂ ਫਿਰ ਲਿਖ ਭੇਜਿਆ ਕਿ ਜੇ ਸਰਕਾਰ ਦੀ ਨੌਕਰੀ ਨਹੀਂ ਕਰਨੀ ਤਾਂ ਖੇਤੀ ਕਰੋ, ਸਿੰਘਾਂ ਤੋਂ ਸਰਕਾਰ ਹਾਲਾ ਨਹੀਂ ਲਵੇਗੀ।

ਇਹ ਸਭ ਬੇਈਮਾਨੀ ਤੇ ਮੱਕਰ ਫ਼ਰੇਬ ਦਾ ਜਾਲ ਸੀ, ਜਿਸ ਵਿਚ ਫਸਾ ਕੇ ਜ਼ਕਰੀਆ ਖ਼ਾਨ ਸਿੰਘਾਂ ਨੂੰ ਕਮਜ਼ੋਰ ਕਰਨਾ ਤੇ ਮਾਰਨਾ ਚਾਹੁੰਦਾ ਸੀ। ਪਰ ਉਹ ਕਦ ਇਸ ਵਿਚ ਫਸਦੇ ਸਨ ? ਬੇਈਮਾਨ ਹੋ ਕੇ ਉਸ ਨੇ ਜਾਗੀਰ ਜ਼ਬਤ ਕੀਤੀ ਸੀ. ਸਿੰਘਾਂ ਵੀ ਜੈਸੇ ਨੂੰ ਤੈਸਾ ਹੋ ਕੇ ਮਿਲਣਾ ਮਿਥ ਲਿਆ। ਤੁਰਕਾਂ ਦੀ ਬੇਈਮਾਨੀ ਤੋਂ ਖਿਝ ਕੇ ਸਿੰਘਾਂ ਨੇ ਪੋਹਿਲਾਂ ਨਾਲੋਂ ਬਹੁਤੀ ਬਾਰੀਕੀ ਨਾਲ ਹਿਸਾਬ ਕਿਤਾਬ ਬਰਾਬਰ ਕਰਨਾ ਸ਼ੁਰੂ ਕਰ ਦਿਤਾ। ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਉਠ ਕੇ ਸਿੰਘ ਪਿੰਡਾਂ ਵਲ ਹੋ ਤੁਰੇ। ਇਨ੍ਹਾਂ ਦਿਨਾਂ ਵਿਚ ਸਰਕਾਰ ਤੋਂ ਇਸ਼ਾਰਾ ਪਾ ਕੇ ਚੌਧਰੀਆਂ ਤੇ ਨੰਬਰਦਾਰਾਂ ਨੇ ਸਿੰਘਾਂ ਨੂੰ ਤੰਗ ਕਰਨਾ ਆਰੰਭ ਕਰ ਦਿਤਾ ਸੀ। ਸਿੰਘਾਂ ਹੁਣ ਇਨ੍ਹਾਂ ਪਾਸੋਂ ਮਾਮਲਾ ਵਸੂਲ ਕਰਨਾ ਸ਼ੁਰੂ ਕਰ ਦਿਤਾ। ਜਿਹੜੇ ਪਿੰਡ ਖੁਸ਼ੀ ਖੁਸ਼ਹਾਲੀ ਲੰਗਰ ਲਈ ਰਸਦ ਤੇ ਉਗਰਾਹੀ ਦੇ ਦੇਂਦੇ, ਸਿੰਘ ਉਸ ਨੂੰ ਬਿਲਕੁਲ ਨਾ ਛੇੜਦੇ, ਅਮਨ ਨਾਲ ਅੱਗੇ ਲੰਘ ਜਾਂਦੇ। ਜੋ ਹੈਂਕੜ ਵਿਖਾ ਕੇ ਵਿਹਰਦੇ, ਚੰਗਾ ਸੋਧਾ ਲਾਉਂਦੇ ਤੇ ਬਾਹੂ-ਬਲ ਨਾਲ ਸਭ ਕੁਝ ਲੁਟ ਲੈਂਦੇ। ਇਸ ਤਰ੍ਹਾਂ ਸਾਰੇ ਮਾਝੇ ਵਿਚ ਬੁਰੀ ਲੁਟ ਮਾਰ ਮੱਚੀ। ਸਾਰੇ ਲੋਕ ਤੁਰਕਾਂ ਦੀ ਸਰਕਾਰ ਨੂੰ ਕੋਸਣ ਲੱਗੇ, ਜਿਨ੍ਹਾਂ ਸਿੰਘਾਂ ਨਾਲ ਬਣੀ ਬਣਾਈ ਵਿਗਾੜ ਕੇ ਦੇਸ ਨੂੰ ਬਲਦੀ ਦੇ ਬੂਥੇ ਝੋਕ ਦਿਤਾ ਹੈ। ਦੋ ਕੁ ਸਾਲ ਦੇ ਅਮਨ ਅਮਾਨ ਪਿਛੋਂ ਖੁਸ਼ੀ ਵਸਦਾ ਦੇਸ ਇਕ ਵਾਰ ਫੇਰ ਵੈਰਾਨ ਹੋ ਗਿਆ।

[ਚਲਦਾ]

### ਹਵਾਲੇ ਤੇ ਫੁਟ ਨੋਟ

੧. ਗਿ: ਗਿਆਨ ਸਿੰਘ—ਪੰਥ ਪ੍ਰਕਾਸ਼; ਸਫਾ ੫੬੮।
ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੦੨।
ਨਾਰੰਗ—ਟ੍ਰਾਂਸਫਾਰਮੇਸ਼ਨ ਆਫ਼ ਸਿਖਿਜ਼ਮ, ਸਫਾ ੨੦੬।

੨. ਇਸ ਮਿਸਲ ਦੇ ਵੱਡ-ਵਡੇਰਿਆਂ ਭੁੱਖੇ ਮਰਦਿਆਂ ਨੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਆਪਣੀ ਲਾਚਾਰੀ, ਢਿੱਡ ਵਜਾ ਕੇ ਦੱਸੀ ਸੀ। ਮੀਰੀ ਪੀਰੀ ਦੇ ਮਾਲਕ ਨੇ ਮਿਹਰ ਦੇ ਘਰ ਵਿਚ ਆ ਕੇ ਭੁੱਖਿਆਂ ਮਾਂਗਤਾਂ ਨੂੰ ਰਾਜ ਕਰਨ ਦਾ ਆਸ਼ੀਰਵਾਦ ਦਿਤਾ ਸੀ। ਇਸ ਬਖ਼ਸ਼ਿਸ਼ ਸਦਕਾ ਜਦ ਰਾਜ ਦੀ ਪ੍ਰਾਪਤੀ ਹੋ ਗਈ, ਭੁੱਖ ਗਈ ਤੇ ਰੱਜ ਖਾਣ ਲੱਗ ਪਏ ਤਾਂ "ਨਦੀ ਲੰਘੀ ਖਾਜਾ ਵਿਸਰਿਆ" ਅਨੁਸਾਰ ਪਿਛੋਕੜ ਭੁਲ ਗਿਆ, ਗੁਰੂ ਘਰ ਨਾਲ ਲਗਾਉ ਵਿਚ ਵੀ ਫ਼ਰਕ ਪੈਣ ਲੱਗ ਪਿਆ। ਅਨੰਦਪੁਰ ਸਾਹਿਬ ਦੀਆਂ ਲੜਾਈਆਂ ਸਮੇਂ ਦਸਮੇਸ਼ ਜੀ ਉਤੇ ਔਖ ਦਾ ਸਮਾਂ ਸੀ। ਆਖ਼ਰੀ ਘੇਰੇ ਸਮੇਂ ਤਾਂ ਹੋਰ ਵੀ ਮੁਸ਼ਕਲਾਂ ਦੇ ਪਹਾੜ ਟੁਟ ਪਏ।



www.AKJ.Org

ਚਹੁੰ ਕੂਟਾਂ ਤੋਂ ਸਿਦਕੀ ਸਿਖ ਘਰਾਂ ਨੂੰ ਛਡ ਕੇ, ਸ਼ਮਆ ਦੁਆਲੇ ਪਰਵਾਨਿਆਂ ਵਾਂਗ, ਅਨੰਦਪੁਰ ਸਾਹਿਬ ਆਣ ਇਕੱਠੇ ਹਏ। ਇਹ ਘੇਰਾ ਅੱਠ ਮਹੀਨਿਆਂ ਤੋਂ ਵਧ ਤਕ ਰਿਹਾ ਸੀ। ਇਸ ਮਿਸਲ ਦੇ ਰਾਮੇ, ਤਿਲੋਕੇ ਨੇ, ਰਾਜ ਭਾਗ ਪਾਸ ਹੁੰਦਿਆਂ ਸੁੰਦਿਆਂ, ਸ਼ਸਤ੍ਰ, ਘੋੜਿਆਂ ਤੇ ਲੜਾਕੂਆਂ ਨੂੰ ਬਣੀ ਵੇਲੇ ਗੁਰੂ ਘਰ ਦੀ ਸੇਵਾ ਲਈ ਨਹੀਂ ਸੀ ਭੇਜਿਆ। ਜੱਗੋਂ ਸੱਚੇ ਹੋਣ ਲਈ ਕੁਝ ਗੱਡੇ ਦਾਣਾ ਪੱਠਾ ਲਦਵਾ ਕੇ ਉਧਰ ਤੋਰ ਦਿਤੇ ਸਨ। ਲੜਾਕੂ ਸੂਰਮੇ ਤੇ ਸ਼ਸਤ੍ਰ ਬਸਤ੍ਰ ਵੀ ਨਾਲ ਘਲਾ ਸਕਦੇ ਸਨ, ਪਰ ਹੀਆ ਨਾ ਪਿਆ ਮਤੇ ਦਿਲੀ ਸਰਕਾਰ ਨਾਲ ਵਿਗਾੜ ਪੈ ਜਾਵੇ।

ਜਦ ਅੰਮ੍ਰਿਤ ਛਕ ਕੇ ਸ: ਆਲਾ ਸਿੰਘ, ਸਿੰਘ ਸੱਜ ਗਿਆ ਤਾਂ ਬੁਢਾ ਦਲ ਤੇ ਤਰਨਾ ਦਲ ਦੋਵੇਂ ਹਰ ਔਖ ਵੇਲੇ ਇਸ ਦੀ ਬਹੁੜੀ ਕਰਦੇ ਰਹੇ। ਮੰਝਕੀ ਦੇ ਰੰਘੜ (ਮੁਸਲਮਾਨ ਰਾਜਪੂਤਾਂ), ਜੋ ਆਲਾ ਸਿੰਘ ਨਾਲ ਛੜਖ ਨੀ ਕਰਨੋਂ ਬਾਜ਼ ਨਹੀਂ ਸਨ ਆਉਂਦੇ, ਉਨ੍ਹਾਂ ਵਿਰੁਧ ਸਿੰਘਾਂ ਨੇ ਆਲਾ ਸਿੰਘ ਦੀ ਸਹਾਇਤਾ ਕੀਤੀ ਤੇ ਉਨ੍ਹਾਂ ਨੂੰ ਐਸਾ ਕੁਟਾਪਾ ਚਾੜ੍ਹਿਆ ਕਿ ਮੁੜ ਇਸ ਪਾਸੇ ਮੂੰਹ ਨਹੀਂ ਕੀਤਾ। ਖਾਲਸਾ ਜੀ ਦੀ ਸਹਾਇਤਾ ਨਾਲ ਹੀ ਬਾਬਾ ਆਲਾ ਸਿੰਘ ਨੇ ਆਪਣੇ ਵੈਰੀਆਂ ਨੂੰ ਪਰੇ ਧਕ ਧਕ ਕੇ ਆਪਣੇ ਰਾਜ ਦੀਆਂ ਹੱਦਾਂ ਵਧਾਈਆਂ ਸਨ। ਇਸ ਮਿਸਲ ਦੀ ਹਰ ਔਖਿਆਈ ਨੂੰ ਬਾਕੀ ੧੧ ਮਿਸਲਾਂ ਨੇ ਆਪਣੇ ਸਿਰ ਝਲਿਆ। ਪਰ ਸਿੰਘਾਂ ਦਾ ਜਦ ਅਬਦਾਲੀ ਨਾਲ ਪੰਜਾ ਪਿਆ ਤਾਂ ਬਾਬਾ ਜੀ ਮੱਕੜੇ ਥੱਲੇ ਬਟੇਰੇ ਵਾਂਗ ਦੜ ਵੱਟ ਗਏ। ਵੱਡੇ ਘਲੂਘਾਰੇ ਵੇਲੇ ਮਹਾਰਾਜਾ ਆਲਾ ਸਿੰਘ ਬਰਨਾਲੇ ਸੀ। ਕੁਪ ਰਹੀੜੇ ਤੋਂ ਲੜਦੇ ਭਿੜਦੇ ਸਿੰਘ ਵੀ ਏਸੇ ਪਾਸੇ ਆ ਰਹੇ ਸਨ। ਖਾਲਸਾ ਜੀ ਦਾ ਬੜਾ ਨੁਕਸਾਨ ਹੋਇਆ। ਖਾਨਦਾਨਾਂ ਦੇ ਖਾਨਦਾਨ ਮਿਟ ਗਏ। ਸਿੰਘਾਂ ਤੇ ਬੜਾ ਕਹਿਰ ਦਾ ਸਮਾਂ ਸੀ। ਫੂਲਕੀਆਂ ਮਿਸਲ ਲਾਗੇ ਨਹੀਂ ਆਈ। ਮਲੇਰੀਆਂ ਦੀ ਤੁਖਣਾ ਤੇ ਜਦ ਅਹਿਮਦਸ਼ਾਹ ਬਰਨਾਲੇ ਵਲ ਵਧਿਆ, ਮਹਾਰਾਜਾ ਆਲਾ ਸਿੰਘ ਭਵਾਨੀ ਗੜ੍ਹ ਵਲ ਖਿਸਕ ਗਿਆ। ਪਿਛੋਂ ਜਦ ਉਸ ਨਾਲ ਪਿੰਡਾ ਜਾ ਘਸਾਇਆ ਤਾਂ ਦੁਰਾਨੀ ਨੇ ਕੈਦ ਕਰ ਲਿਆ। ਦਾੜ੍ਹਾ ਸਾਬਤ ਸੂਰਤ ਰਖਣ ਦਾ ਹੀ ਉਸ ਨੇ ਸਵਾ ਲੱਖ ਲਿਆ। ਫਿਰ ਕਈ ਲੱਖ ਭੁੰਗਾ ਦੇ ਕੇ ਛੁਟਕਾਰਾ ਪਾਇਆ।

੧੭੬੫ ਈ: ਵਿਚ ਦੁਰਾਨੀ ਦੇ ਅਠਵੇਂ ਹਮਲੇ ਸਮੇਂ, ਅਮਰ ਸਿੰਘ, ਆਲਾ ਸਿੰਘ ਦਾ ਪੋਤਰਾ ਗੱਦੀ ਤੇ ਸੀ। ਅਹਿਮਦ ਸ਼ਾਹ ਦਾ ਕੈਂਪੂ ਅੰਬਾਲੇ ਤੋਂ ਅੱਗੇ ਦਖਣ ਵਿਚ ੨੦ ਮੀਲ (੩੨ ਕਿ: ਮੀ:) ਦੇ ਫਾਸਲੇ ਤੇ ਇਸਮਾਈਲਾਬਾਦ ਵਿਖੇ ਸੀ। ਨਜੀਬੁਦੌਲਾ ਨੇ ਆਪਣੇ ਜ਼ਿੰਮੇ ਬਣਦੀ ਦੋ ਲੱਖ ਦੀ ਰਕਮ ਤਾਰ ਕੇ ਸਰਹਿੰਦ ਦੀ ਗਵਰਨਰੀ ਆਪਣੇ ਪੁਤ ਜ਼ਾਬਿਤਾ ਖਾਨ ਦੇ ਨਾਂ ਮੋਹਰ ਕਰਵਾ ਲਈ। ਸਰਹਿੰਦ ਅਸਲ ਵਿਚ ਦੁਰਾਨੀ ਨੇ ਆਲਾ ਸਿੰਘ ਦੀ ਸਪੁਰਦਗੀ ਵਿਚ ਦਿਤੀ ਹੋਈ ਸੀ ਤੇ ਇਨ੍ਹਾਂ ਜ਼ਿੰਮੇ, ਭਾਵ, ਅਮਰ ਸਿੰਘ ਦੇ ਵੇਲੇ ਤਕ ੯ ਲਖ ਰੁਪਏ ਤਾਰਨੇ ਬਣਦੇ ਸਨ। ਸਰਹਿੰਦ ਵੀ ਗਈ ਤੇ ਦੁਰਾਨੀ ਵੀ ਨਾਖੁਸ਼। ਏਥੇ ਕੈਂਪੂ ਵਿਚ ਗਲੀਂ ਗਲੀਂ ਨਜੀਬੁੱਦੌਲਾ ਨੇ ਰਾਜਾ ਅਮਰ ਸਿੰਘ ਨੂੰ ਕਿਹਾ, "ਰਾਜਾ ਸਾਹਿਬ! ਤੁਹਾਡਾ ਪਟਿਆਲੇ ਦਾ ਕਿਲ੍ਹਾ ਕੀ ਹੈ? ਮੈਂ ਨਜੀਬਾਬਾਦ ਵਿਖੇ ਤੁਹਾਨੂੰ ਆਪਣਾ ਪੱਥਰਗੜ੍ਹ ਵਿਖਾਵਾਂਗਾ। ਵੇਖਿਓ ਉਹ ਕਿੰਨਾ ਮਜ਼ਬੂਤ ਹੈ।" ਅਮਰ ਸਿੰਘ ਨੇ ਖੁੜਕੀ ਕਿ ਇਹ ਕੈਦ ਕਰ ਕੇ ਸੁਟੂ ਉਸਨੂੰ ਉਸ ਕਿਲ੍ਹੇ ਵਿਚ। ਉਸਦੀ ਦਾਦੀ ਰਾਣੀ ਫਤਹ ਕੌਰ (ਮਾਈ ਫੱਤੋ) ਨੇ ਸ਼ਾਹ ਵਲੀ ਖ਼ਾਨ ਦੇ ਵਸੀਲੇ ਨਾਲ ਪੋਤਰੇ ਨੂੰ ਰਿਹਾਈ ਦਿਵਾਈ। ਦੁਰਾਨੀ ਨੇ ਜ਼ਾਬਿਤਾ ਖਾਨ ਤੋਂ ਹੱਟ ਕੇ ਸਰਹਿੰਦ ਦੀ ਗਵਰਨਰੀ ਅਮਰ ਸਿੰਘ ਨੂੰ ਹੀ ਪੱਕੀ ਕਰ ਦਿਤੀ। ਸ਼ੁਕਰਾਨੇ ਵਜੋਂ ਅਮਰ ਸਿੰਘ ਨੂੰ ਅਹਿਮਦਸ਼ਾਹ ਦੇ ਨਾਮ ਦੇ ਸਿੱਕੇ ਚਲਾਏ ਤੇ ਆਪਣੀ ਮੁਹਰ ਵਿਚ ਆਪਣੇ ਨਾਂ ਪਿਛੇ "ਬਾਮਜ਼ੇਈ" ਸ਼ਬਦ ਜੋੜਿਆ (ਵੇਖੋ ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ, ਭਾਗ ਦੂਜਾ, ਸਫਾ ੩੧੦; ਹੁਸੈਨ-ਸ਼ਾਹੀ, ੬੭–੬੮; ਖੁਸ਼ਵਕਤ ਰਾਏ ਤਾਰੀਖ਼-ਇ-ਸਿੱਖਾਂ-ਸਫਾ ੧੬੪)। ਅਮਰ ਸਿੰਘ ਤੋਂ ਪਿਛੋਂ ਫਿਰ ਇਹ ਪੱਕੇ ਤੌਰ ਤੇ ਚਾਲੂ ਹੋ ਗਿਆ ਕਿ ਜਦ ਨਵਾਂ ਰਾਜਾ ਗੱਦੀ ਤੇ ਬੈਠਦਾ, ਆਪਣੀ ਮੁਹਰ ਵਿਚ ਆਪਣੇ ਨਾਂ ਮਗਰ 'ਬਾਮ-ਜ਼ੇਈ' ਜੋੜ ਲੈਂਦਾ। ਅੰਗਰੇਜ਼ਾਂ ਵੇਲੇ ਤਾਂ ਮਹਾਰਾਜ ਭੁਪਿੰਦਰ ਸਿੰਘ, ਉਨ੍ਹਾਂ ਦਾ ਫ਼ਰਜ਼ੰਦ-ਇ-ਅਰਜ਼-ਮੰਦ ਖ਼ਾਸ (ਵਿਸ਼ੇਸ਼ ਸਾਊ ਪੁਤਰ) ਬਣ ਗਿਆ। ਪਹਿਲੇ ਸੰਸਾਰ-ਜੁਧ ਵੇਲੇ ਇਨ੍ਹਾਂ ਖ਼ਾਸ ਪੁਤਾਂ ਨੇ ਆਪਣੇ ਅੰਗਰੇਜ਼ "ਬਾਪ"



www.AKJ.Org

(ਬਰਤਾਨੀਆ ਦਾ ਤਾਜਦਾਰ) ਦੀ ਸਹਾਇਤਾ ਲਈ ਸਾਢੇ ਛੇ ਛੇ-ਛੁਟੇ ਸਿਖ ਫੌਜੀ ਸੂਰਮੇ ਹਿੰਦੁਸਤਾਨੋਂ ਹਜ਼ਾਰਾਂ ਮੀਲ ਬਾਹਰ ਲੜਨ ਲਈ ਭੇਜੇ, ਪੈਸਾ ਵੀ ਦਿਤਾ। ਹਥਿਆਰ ਵੀ ਸੇਵਾ ਵਿਚ ਘਲੇ। ਹਰ ਤਰ੍ਹਾਂ ਸਹਾਇਤਾ ਕੀਤੀ। ਇਹ ਉਹ ਬਾਪ ਸੀ ਜਿਸ ਨੇ ਇਨ੍ਹਾਂ ਦੇ ਸਿਰਾਂ ਤੇ ਹੱਥ ਫੇਰ ਕੇ ਉਹ ਕਲਗੀਆਂ ਲਾਹ ਲਈਆਂ ਸਨ ਜੋ ਅਸਲ ਬਾਪ (ਗੁਰੂ ਹਰਿ ਗੋਬਿੰਦ ਸਾਹਿਬ) ਵਲੋਂ ਬਖਸ਼ੀਆਂ ਗਈਆਂ ਸਨ। ਨਕਲੀ ਬਾਪ ਨੇ ਅਣਖ ਤੇ ਆਜ਼ਾਦੀ ਦੋਵੇਂ ਠੂੰਗ ਲਏ। ਉਨ੍ਹਾਂ ਦੇ ਹੋਏ ਮਰ ਗਏ। ਜਿਸ ਨੇ ਇਨ੍ਹਾਂ ਪੈਰਾਂ ਥਲੇ ਰੁਲਦਿਆਂ ਕੱਖਾਂ ਤੋਂ ਲੱਖਾਂ ਕਰੋੜਾਂ ਦੇ ਮਾਲਕ ਬਣਾ ਦਿਤਾ, ਉਸ ਲਈ ਮੁਸ਼ਕਲ ਵੇਲੇ ੧੦ ਬੰਦੇ ਵੀ ਨਾ ਸਰੇ ਕਿ ਅਨੰਦਪੁਰ ਸਾਹਿਬ ਤਕ ਘਲਾ ਦਿਤੇ ਜਾਣ। ਜਿਨ੍ਹਾਂ ਨੇ ਇਨ੍ਹਾਂ ਨੂੰ ਮੁੜ ਕੱਖਾਂ ਤੁਲ ਕਰ ਦਿਤਾ, ਉਨ੍ਹਾਂ ਦੇ ਪੁਤ ਬਣ ਬੈਠੇ, ਨਾਮ ਆਪਣੇ ਨਾਲ ਜੋੜ ਲਏ। ਯਾਦ ਰਹੇ ਕਿ ਬਾਮ-ਜ਼ੇਈ ਦਾ ਅਰਥ ਹੈ ਬਾਮ ਦੀ ਸੰਤਾਨ ਚੋਂ, ਬਾਮ ਦੀ ਔਲਾਦ। ਬਾਮ ਇਸ ਬਾਮਜ਼ੇਈ ਕਬੀਲੇ ਦਾ ਵੱਡ-ਵਡੇਰਾ ਸੀ, ਜਿਸ ਦੀ ਔਲਾਦ ਬਾਮ-ਜ਼ੇਈ ਅਖਵਾਉਂਦੀ ਹੈ। ਸੱਦੋ-ਜ਼ੇਈ, ਯੂਸਫ-ਜ਼ੇਈ, ਬਾਰਕ-ਜ਼ੇਈ ਵਾਂਗ ਹੀ ਬਾਮ-ਜ਼ੇਈ।

ਮਲੇਰਕੋਟੀਏ ਸਿੱਖਾਂ ਦੇ ਤਨੋਂ ਮਨੋਂ ਵੈਰੀ ਰਹੇ ਸਨ। ਜਦ ਵੀ ਮੌਕਾ ਹੱਥ ਆਇਆ, ਸਿੱਖਾਂ ਨੂੰ ਫ਼ਨਾਫ਼ਿੱਲਾ ਕਰਨ ਵਿਚ ਕਸਰ ਨਹੀਂ ਸੀ ਛੱਡੀ। ਭੀਖਣ ਖਾਨ ਮਲੇਰ ਕੋਟਲੇ ਦੇ ਨਵਾਬ, ਸ਼ੇਰ ਮੁਹੰਮਦ ਖਾਨ ਮਲੇਰ ਕੋਟਲੇ ਦੀ ਔਲਾਦ ਵਿਚੋਂ, ਨੇ ਘਲੂਘਾਰੇ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਸੀ। ਬੰਦਾ ਸਿੰਘ ਨੇ ਵੀ ਮਲੇਰ ਕੋਟਲੇ ਨੂੰ ਬਖਸ਼ ਦਿਤਾ, ਕੁਝ ਨਾ ਕਿਹਾ। ਦਲ ਖਾਲਸਾ ਨੇ ਵੀ ਇਸ ਵੱਡੇ ਵੈਰੀ ਨੂੰ ਮੁਆਫ਼ ਕਰ ਦਿਤਾ। ਕਿਉਂ ? ਸਿਰਫ਼ ਇਸ ਲਈ ਕਿ ਇਸ ਦੇ ਵੱਡੇ ਨੇ ਵਜ਼ੀਰ ਖਾਨ ਦੀ ਕਚਹਿਰੀ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦੇ ਫ਼ਤਵੇ ਵਿਰੁਧ ਆਹ ਦਾ ਨਾਅਰਾ ਮਾਰਿਆ ਸੀ। ਸਿਖ ਇਸ ਇਹਸਾਨ ਨੂੰ ਨਹੀਂ ਭੁਲੇ, ਅਤੇ ਨਾ ਰਹਿੰਦੀ ਦੁਨੀਆ ਤਕ ਭੁਲਣਗੇ। ਪਟਿਆਲੇ, ਨਾਭੇ, ਸੰਗਰੂਰ, ਜੀਂਦ, ਫਰੀਦਕੋਟੀਏ ਨੂੰ ਕੁਝ ਨਹੀਂ ਕਿਹਾ, ਸਿੰਘ ਜਾਣਦੇ ਸਨ ਕਿ ਸਤਿਗੁਰਾਂ ਨੇ ਇਨ੍ਹਾਂ ਉਤੇ ਦਇਆ ਕੀਤੀ ਸੀ, ਇਨ੍ਹਾਂ ਰੁਲਦਿਆਂ ਨੂੰ ਰਾਜੇ ਬਣਾਇਆ ਸੀ। ਜਿਸ ਤੇ ਗੁਰੂ ਮਹਾਰਾਜ ਨੇ ਮਿਹਰ ਕੀਤੀ ਹੈ, ਖਾਲਸਾ ਉਸ ਤੇ ਕਹਿਰ ਕਿਉਂ ਗੁਜ਼ਾਰੇ ? ਖਾਲਸਾ ਕਿਸੇ ਨਿਯਮ ਵਿਚ ਬਝਾ ਸੀ। ਨਹੀਂ ਤਾਂ ਫੂਲਕੀਆਂ ਮਿਸਲ ਤੇ ਮਲੇਰ ਕੋਟਲੇ ਵਾਲੇ ਕਿਸ ਬਾਗ ਦੀ ਮੂਲੀ ਸਨ ! ਖਾਲਸੇ ਦੀ ਸ਼ਕਤੀ ਅੱਗੇ ਇਹ ਤਾਂ ਚੀਜ਼ ਹੀ ਕੋਈ ਨਹੀਂ ਸਨ। ਜੇ ਉਹ ਚਾਹੁੰਦੇ ਤਾਂ ਅੱਖ ਦੇ ਪਲਕਾਰੇ ਵਿਚ ਮਲੀਆਮੇਟ ਕਰ ਦੇਂਦੇ। ਪਰ ਵਾਹ ਖਾਲਸਾ ਜੀ ਤੇਰੀ ਉਦਾਰਤਾ, ਤੇਰੀ ਸਹਿਨ-ਸ਼ੀਲਤਾ, ਤੇਰਾ ਜਿਗਰਾ, ਵੈਰੀਆਂ ਨੂੰ ਵੀ ਬਖਸ਼ ਦੇਣਾ, ਸਦੀਆਂ ਤਕ ਲਿਹਾਜ਼ ਪਾਲਣਾ। ਇਹ ਹੈ ਤੇਰੀ ਸ਼ਾਨ, ਜੋ ਬਾਕੀ ਦੁਨੀਆ ਤੋਂ ਵਿਲੱਖਣ ਨਜ਼ਰ ਆਉਂਦੀ ਹੈ ! ਦੁਨੀਆ ਦੇ ਇਤਿਹਾਸ ਵਿਚ ਇਸ ਦੀ ਕਿਧਰੇ ਨਜ਼ੀਰ ਨਹੀਂ ਮਿਲਦੀ।

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

| | | | |
|---|---|---|---|
| ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] | | | ੧੦-੦੦ |
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | ੧-੫੦ |
| ਕੇਸਕੀ [ਦਸਤਾਰ] | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੧-੫੦ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ,, | ੧-੦੦ |
| ਤਉ ਕਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| Dawn of Divine wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੧-੦੦ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲਾ ਬਾਰੇ ਵਿਚਾਰ [ਉਘੇ ਵਿਦਵਾਨ] | ੧-੫੦ |





www.AKJ.Org

# ਦੋ ਪੁਰਾਤਨ ਗੁਰਸਿੱਖ ਵੀਰਨਾਂ ਦਾ ਵਿਛੋੜਾ

**ਭਾਈ ਆਤਮਾ ਸਿੰਘ ਜੀ–**

ਆਪ ਜੀ ਦਾ ਜਨਮ ੧੯੧੦ ਈ: ਨੂੰ ਪਿੰਡ ਪੰਜੋਖਰਾ ਸਾਹਿਬ (ਨੇੜੇ ਅੰਬਾਲਾ ਸ਼ਹਿਰ) ਵਿਖੇ ਪਿਤਾ ਗੁਰਬਖਸ਼ ਸਿੰਘ ਤੇ ਮਾਤਾ ਨਰਾਇਣ ਕੌਰ ਦੇ ਘਰ ਹੋਇਆ। ਆਪ ਦੇ ਪਿਤਾ ਜੀ ਕਿਰਤ-ਵਿਰਤ ਵਾਲੇ ਪੂਰਨ ਗੁਰਸਿਖ ਸਨ। ਦਸਵੰਧ ਗੁਰੂ ਲੇਖੇ ਲਾਂਦੇ ਸਨ। ਆਪ ਨੇ ਸੈਂਕੜੇ ਭੁਜੰਗੀਆਂ ਨੂੰ ਗੁਰਬਾਣੀ ਦਾ ਪਾਠ ਸਿਖਾਇਆ। ਪਿਤਾ ਦੀ ਉਤਮ ਸੰਗਤ ਸਦਕਾ ਭਾਈ ਆਤਮਾ ਸਿੰਘ ਜੀ ਬਚਪਨ ਤੋਂ ਹੀ ਗੁਰੂ ਘਰ ਦੇ ਪ੍ਰੇਮੀ ਹੋ ਕੇ ਗੁਰਬਾਣੀ ਅਧਿਐਨ ਕਰਨ ਵਿਚ ਜੁਟ ਗਏ। ਛੋਟੀ ਉਮਰ ਵਿਚ ਹੀ ਅਖੰਡਪਾਠੀ ਬਣ ਗਏ। ਘੰਟਿਆਂ ਬੱਧੀ ਸ੍ਰੀ ਅਖੰਡਪਾਠਾਂ ਦੀ ਸਿਦਕ-ਭਾਵਨਾ ਨਾਲ ਸੇਵਾ ਕਰਦਿਆਂ, ਗੁਰਬਾਣੀ ਆਪ ਦੇ ਜੀਵਨ ਦਾ ਅਧਾਰ ਬਣ ਗਈ।

ਉਹ ਅਜੇ ਨਵ-ਯੁਵਕ ਅਨਦਾੜ੍ਹੀਏ ਨੌਨਿਹਾਲ ਹੀ ਸਨ ਕਿ ਉਨ੍ਹਾਂ ਦਾ ਮਿਲਾਪ, ਇਕ ਸ੍ਰੀ ਅਖੰਡਪਾਠ ਸਮੇਂ ਭਾ: ਸਾ: ਭਾਈ ਰਣਧੀਰ ਸਿੰਘ ਜੀ ਨਾਲ ਹੋ ਗਿਆ। ਐਸਾ ਹੋਇਆ ਕਿ ਭਾਈ ਆਤਮਾ ਸਿੰਘ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਤਿ ਨੇੜੇ ਹੁੰਦੇ ਗਏ। ਭਾਈ ਸਾਹਿਬ ਜੀ ਦਾ ਆਪ ਜੀ ਨਾਲ ਅਤਿ ਸਨੇਹ ਬਣ ਗਿਆ। ਆਪ ਜੀ ਦਾ ਵਰਨਣ 'ਰੰਗਲੇ ਸੱਜਣ' ਪੁਸਤਕ ਵਿਚ ਆਉਂਦਾ ਹੈ।

ਆਪ ਨਿਪੁੰਨ ਅਖੰਡਪਾਠੀ, ਕੀਰਤਨੀਏ ਅਤੇ ਅਭਿਆਸੀ ਗੁਰਸਿਖ ਸਨ। ਆਪ ਜੀ ਦੇ ਰੋਜ਼ਾਨਾ ਨਿਤਨੇਮ ਵਿਚ ਪੰਜ ਬਾਣੀਆਂ ਤੋਂ ਇਲਾਵਾ, ਸੁਖਮਨੀ ਸਾਹਿਬ, ਸੁਖਮਨਾ ਸਾਹਿਬ, ਆਸਾ ਦੀ ਵਾਰ, ਹੋਰ ਕਈ ਬਾਣੀਆਂ ਅਤੇ ਕਦੇ ਕਦੇ ਅਕਾਲ ਉਸਤਤਿ ਵੀ ਸ਼ਾਮਲ ਸਨ।

ਆਪ ੨੬ ਸਾਲ ਗੁਰਦੁਆਰਾ ਪੰਜਖਰਾ ਸਾਹਿਬ ਦੇ ਪ੍ਰਧਾਨ ਰਹੇ। ੧੯੪੭ ਸਮੇਂ ਰਿਫੂਜੀਆਂ ਦੀ ਸੰਭਾਲ ਕੀਤੀ ਅਤੇ ਉਨ੍ਹਾਂ ਦੇ ਬੱਚਿਆਂ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਸਕੂਲ ਖੋਲ੍ਹ ਕੇ ਨਿਸ਼ਕਾਮ ਸੇਵਾ ਨਿਭਾਈ।

ਜੀਵਨ ਦੇ ਅੰਤਲੇ ਵਰ੍ਹਿਆਂ ਵਿਚ ਭਾਈ ਆਤਮਾ ਸਿੰਘ ਜੀ ਕੰਠਾਗਰ-ਗੁਰਬਾਣੀ-ਕੀਰਤਨ ਦੇ ਇਤਨੇ ਕਟੜ ਉਪਦੇਸ਼ਕ ਹੋ ਗਏ ਕਿ ਪੋਥੀ/ਕਾਪੀ ਤੋਂ ਕੀਰਤਨ ਕਰਨ ਵਾਲਿਆਂ ਵਿਰੁਧ ਫਤਵੇ ਲਾਉਣ ਤਕ ਆ ਗਏ, ਜਿਸ ਸੰਬੰਧੀ ਆਪ ਜੀ ਨੂੰ ਅਜਿਹਾ ਨਾ ਕਰਨ ਦੀ ਪ੍ਰੇਰਨਾ ਦੇਣ ਤੇ, ਆਪ ਜੀ ਫਿਰ ਅਜਿਹਾ ਕਰਨ ਤੋਂ ਹਟ ਗਏ।

ਭਾਈ ਆਤਮਾ ਸਿੰਘ ਜੀ ਮੁਹਾਲੀ ਇਕ ਅਖੰਡ ਪਾਠ ਤੇ ਆਏ ਹੋਏ ਸਨ। ੪-੧੦-੯੨ ਨੂੰ ਵੀ ਸ੍ਰੀ ਅਖੰਡ ਪਾਠ ਦਾ ਪਾਠ ਤਿੰਨ ਘੰਟੇ ਸ੍ਰਵਣ ਕਰਦੇ ਰਹੇ। ਉਸੇ ਦਿਨ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸ੍ਰਵਣ ਕਰਦਿਆਂ ਸ਼ਾਮ ਸਾਢੇ ਸਤ ਵਜੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਦੇਹ ਨੂੰ ਉਨ੍ਹਾਂ ਦੇ ਪਿੰਡ ਪੰਜੋਖਰਾ ਸਾਹਿਬ ਲਿਆ ਕੇ ਅੰਤਮ ਸੰਸਕਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਨਮਿਤ ਅੰਤਲੀ ਅਰਦਾਸ ਵਿਚ ਸ਼ਾਮਲ ਹੋਣ ਲਈ ੪-੧੦-੯੨ ਨੂੰ ਸਮਾਗਮ ਕੀਤਾ ਗਿਆ, ਜਿਸ ਵਿਚ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਅਨੇਕਾਂ ਗੁਰਸਿਖਾਂ ਨੇ ਹਾਜ਼ਰੀਆਂ ਭਰੀਆਂ।

**ਭਾਈ ਨਰੈਣ ਸਿੰਘ ਜੀ–**

ਪਾਕਿਸਤਾਨ ਬਣਨ ਤੋਂ ਪਹਿਲਾਂ ਭਾਈ ਨਰੈਣ ਸਿੰਘ ਦੀ ਸੰਗਤ ਸੇਖਵਾਂ (ਸਿਆਲਕੋਟ) ਨਿਵਾਸੀ ਡਾਕਟਰ ਬਸੰਤ ਸਿੰਘ ਜੀ ਨਾਲ ਸੀ। ਡਾਕਟਰ ਬਸੰਤ ਸਿੰਘ ਜੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਅਤਿ ਪ੍ਰੀਤਵਾਨ ਹੋਣ ਕਰਕੇ ਗੁਰਮਤਿ ਗੁਣਾਂ ਦੇ ਧਾਰਨੀ, ਨਿਰਮਾਣ ਸੇਵਕ ਅਤੇ ਅਲੌਕਿਕ ਨਾਮ-ਅਭਿਆਸ ਕਮਾਈਆਂ ਕਰਨ ਵਾਲੇ ਗੁਰੂ ਕੇ ਲਾਲ ਸਨ। ਡਾਕਟਰ ਜੀ ਦੀ ਅਮੋਲਕ ਸੰਗਤ ਸਦਕਾ ਭਾਈ ਨਰੈਣ ਸਿੰਘ ਵੀ ਬੜੇ ਨਿਰਮਾਣ, ਨਿਰਲੋਭ ਅਤੇ ਅਥੱਕ ਸੇਵਕ ਸਨ। ਪਿਆਰ ਨਾਲ ਸੰਗੀ ਸਾਥੀ ਗੁਰਸਿਖ ਵੀਰ-ਭੈਣਾਂ ਆਪ ਨੂੰ 'ਭਾਅ ਜੀ' ਕਰਕੇ ਬੁਲਾਂਦੇ ਸਨ।

ਪਾਕਿਸਤਾਨ ਬਣਨ ਤੇ ਆਪ ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੇਵਾ ਵਿਚ ਆ ਗਏ। ਇਥੇ ਆ ਕੇ ਆਪ ਨੇ ਭਾਈ ਸਾਹਿਬ ਜੀ ਅਤੇ ਸਿਖ ਸੰਗਤਾਂ ਦੀ ਅਤੁੱਟ ਸੇਵਾ ਨਿਭਾਂਦੇ


www.AKJ.Org

ਰਹੇ । ਨਾਰੰਗਵਾਲ ਗੁਰਦਵਾਰਾ ਅਕਾਲੀ ਵਾਲਾ ਵਿਖੇ ਆਪ ਮੁਖੀ ਸੇਵਾਦਾਰ ਸਨ । ੧੯੪੮ ਤੋਂ ੧੯੯੨ ਤਕ ਇਸ ਗੁਰਦਵਾਰਾ ਸਾਹਿਬ ਦੀ ਚੜ੍ਹਦੀ ਕਲਾ ਵਿਚ ਸੇਵਾ ਨਿਭਾਈ । ਗੁਰਸਿੱਖਾਂ ਨੂੰ ਦੇਖ ਕੇ ਆਪ ਨੂੰ ਚਾਅ ਚੜ੍ਹ ਜਾਂਦਾ ਅਤੇ ਗੁਰਸਿੱਖਾਂ ਤੋਂ ਸਭ ਕਝ ਕੁਰਬਾਨ ਕਰਨ ਵਿਚ ਖੁਸ਼ੀ ਸਮਝਦੇ ਸਨ । ਕੀਰਤਨ-ਸਮਾਗਮਾਂ ਸਮੇਂ ਸੇਵਾ ਵਿਚ ਦਿਨ-ਰਾਤ ਇਕ ਕਰ ਦਿਆ ਕਰਦੇ ਅਤੇ ਗੁਰਸਿੱਖਾਂ ਦ ਟਿਕਾਣਿਆਂ ਤੇ ਪਹੁੰਚ, ਤਰਲੇ-ਮਿੰਨਤਾਂ ਕਰ ਕੇ, ਸਮਾਗਮਾਂ ਵਿਚ ਸਾਮਲ ਹੋਣ ਲਈ ਪ੍ਰੇਰਨਾ ਕਰਦੇ ਅਕਦੇ ਥਕਦੇ ਨਹੀਂ ਸਨ । ਅੰਤਲੀ ਬਿਰਧ ਅਵਸਥਾ ਤਕ, ਉਨ੍ਹਾਂ ਦੇ ਅੰਦਰ ਨਿਮਰਤਾ ਸਹਿਤ ਸੇਵਾ ਕਰਨ ਦੇ ਚਾਅ ਵਿਚ ਕਦੇ ਕਮੀ ਨਹੀਂ ਆਈ ।

ਅਪ੍ਰੈਲ ੯੨ ਦੇ 'ਸੂਰਾ' ਵਿਚ ਉਨ੍ਹਾਂ ਨੇ ਚਾਰ ਅਪ੍ਰੈਲ ਨੂੰ ਰੈਣ ਸਬਾਈ ਕੀਰਤਨ ਨਾਰੰਗਵਾਲ ਰਖਿਆ ਅਤੇ ਸੰਗਤਾਂ ਪਾਸ ਬੇਨਤੀ ਕੀਤੀ ਕਿ ਹੁਣ ਸਰੀਰ ਦਾ ਭਰੋਸਾ ਕੋਈ ਨਹੀਂ, ਜ਼ਰੂਰੀ ਦਰਸ਼ਨ ਦਿਓ ਜੀ । ਇਉਂ ਨਾਮ ਬਾਣੀ ਅਤੇ ਕੀਰਤਨ ਵਿਚ ਸੇਵਾ ਨਿਭਾਂਦਿਆਂ ੨੩-੯-੯੨ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ।

**ਭਾਈ ਆਤਮਾ ਸਿੰਘ ਜੀ ਅਤੇ ਭਾਈ ਨਰੈਣ ਸਿੰਘ ਜੀ ਨਮਿਤ ਸ੍ਰੀ ਅੰਮ੍ਰਿਤਸਰ ਵਿਚ ੨੨ ਤੋਂ ੨੪ ਅਕਤੂਬਰ ਤਕ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਰਖੇ ਗਏ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਇਨ੍ਹਾਂ ਦੋਹਾਂ ਪੁਰਾਤਨ ਗੁਰਸਿੱਖਾਂ ਲਈ ਗੁਰੂ-ਚਰਨਾਂ ਵਿਚ ਅਰਦਾਸ ਕੀਤੀ ਗਈ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ !**

## ਜਗਤ ਗੁਰ ਬਾਬਾ

[ਪ੍ਰਿੰ: ਹਰਨਾਮ ਸਿੰਘ 'ਜਾਚਕ', ਐਮ. ਏ., ਬੀ. ਐਡ. ਸਿੰਬਲ ਕੈਂਪ (ਜੰਮੂ) ]

ਹੈ ਜੇ ਜਗਤ-ਸੁਧਾਰ ਨਹੀਂ ਕੰਮ ਸੌਖਾ, ਪਰ ਜਗਤ ਗੁਰ ਬਾਬ, ਸੁਧਾਰ ਕੀਤਾ ।
ਮੁੱਲ ਮਾਨਵਤਾ ਦੇ ਮੁੜ ਕਾਇਮ ਕੀਤੇ, ਸੁਬ ਜਗਤ ਲਈ ਬੜਾ ਉਪਕਾਰ ਕੀਤਾ ।
ਪੈਦਲ ਸਫਰ ਕਰ ਕੇ ਘਰ ਘਰ ਜਾ ਪਹੁੰਚੇ, ਜਿਹੜੇ ਘਰ ਸੀ ਰਾਖਸ਼ੀ ਘਰ ਬਣ ਗਏ ।
ਰਾਖ਼ਸ਼ ਕੌਡਾ ਹੋਵੇ, ਰਾਖ਼ਸ਼ ਕੋਈ ਹੋਵੇ, ਮਾਨਸ ਖਾਣੇ ਸੀ ਦਰ ਬਦਰ ਬਣ ਗਏ ।
ਸਤਿਨਾਮ ਦੇ ਛੱਟੇ ਜਦ ਮਾਰ ਬਾਬੇ, ਨਿਰਮਲ ਬੁੱਧ ਕੀਤੀ, ਬੰਦੇ ਸ਼ੁੱਧ ਹੋ ਗਏ ।
ਕਿਰਤੀ ਲਾਲੋ ਨੂੰ ਤੱਜ ਕੇ ਪਿਆਰ ਕੀਤਾ, ਸੁੱਧਰੇ ਭਾਗੋ, ਜੋ ਬੜੇ ਕੁਬੁੱਧ ਹੋ ਗਏ ।
ਨੇਕੀ, ਸੱਚ, ਉਪਕਾਰ ਤੇ ਵੰਡ ਛਕਣਾ, ਕਰਨੀ ਕਿਰਤ ਤੇ ਨੇਕ ਕਮਾਈ ਕਰਨੀ ।
ਨਾਮ ਜਪਣਾ, ਨੀਯਤ ਨੂੰ ਸਾਫ ਰਖਣਾ, ਏਦਾਂ ਰੱਬ ਦੇ ਵਿਚ ਸਮਾਈ ਕਰਨੀ ।
ਰੱਬ ਭਰਮ-ਭੁਲੇਖੇ ਵਿਚ ਨਹੀਂ ਮਿਲਦਾ, ਕਾਤਲ, ਰਿਸ਼ਵਤੀ, ਪਾਪੀ ਨੂੰ ਮਿਲਦਾ ਨਹੀਂ ।
ਹਾਜੀ ਕਸਾਈ, ਮੁਨਾਫ਼ੇ ਠੱਗਾਂ ਚੋਰਾਂ, ਮਿਲਦਾ ਨਹੀਂ ਜਿਹੜਾ ਸਾਫ਼ ਦਿਲ ਦਾ ਨਹੀਂ ।
ਰੱਬ ਨੂੰ ਪਾਵਣਾ ਜੀਆਂ ਤੇ ਦਇਆ ਕਰਨੀ, ਜਗਤ ਗੁਰ ਬਾਬੇ ਦੇ ਇਹ ਫ਼ੁਰਮਾਨ ਸੀ ਗੇ ।
ਆਪ ਰੱਬ ਮਿਲਾਵਣ ਰੱਬ 'ਜਾਚਕ', ਨਾਨਕ ਰੂਪ ਵਿਚ ਆਏ ਭਗਵਾਨ ਸੀ ਗੇ ।

---

## ਪਾਠਕ ਨੋਟ ਕਰਨ

੧. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ ।
੨. ਤੁਹਾਡਾ ਚਿੱਟ ਨਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ । ਚਿੱਟ ਨੰਬਰ ਨੋਟ ਕਰੋ । ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ ।
੩. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ ।


www.AKJ.Org

# ਅੰਡਾ ਸਿਹਤ ਲਈ ਖ਼ਤਰਨਾਕ ਮਾਰੂ ਜ਼ਹਿਰ

[ਜੇ. ਪੀ. ਸੰਗਤ ਸਿੰਘ ਜੀ, 75/3, ਬੰਬਈ-82]

ਅੰਡਿਆਂ ਉਪਰ ਸ਼ੋਧ-ਕਾਰਜਾਂ ਨੇ ਇਹ ਗੱਲ ਸਪੱਸ਼ਟ ਕਰ ਦਿਤੀ ਹੈ ਕਿ ਅੰਡਾ, ਮਨੁਖੀ ਸਿਹਤ ਲਈ ਇਕ ਅਤਿਅੰਤ ਹੀ ਘਾਤਕ, ਖ਼ਤਰਨਾਕ ਅਤੇ ਸਹਿਜ-ਵਿਸ਼ (*slow poison*) ਹੈ।

ਅੰਡਾ ਆਮ ਤੌਰ ਤੇ ਪ੍ਰੋਟੀਨ ਅਤੇ ਉਰਜਾ-ਪ੍ਰਾਪਤੀ ਲਈ ਹੀ ਖਾਧਾ ਜਾਂਦਾ ਹੈ। ਇਸ ਦੇ ਸਮਰੱਥਕ ਪ੍ਰਚਾਰਕ ਇਸ ਗੱਲ ਦਾ ਗੁਮਰਾਹ-ਕੁਨ ਪ੍ਰਚਾਰ ਕਰਦੇ ਹਨ ਕਿ ਅੰਡਿਆਂ ਚੋਂ ਬਹੁਤ ਵਧੀਆ, ਵਧ ਮਾਤ੍ਰਾ ਵਿਚ ਅਤੇ ਸਸਤੇ ਵਿਚ ਪ੍ਰੋਟੀਨ ਪ੍ਰਾਪਤ ਹੁੰਦੀ ਹੈ। ਕਿੰਤੂ ਆਧੁਨਿਕ ਖੋਜ ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਗਲਤ ਸਾਬਤ ਕਰ ਦਿਤਾ ਹੈ। ਵਾਸਤਵ ਵਿਚ ਅੰਡਿਆਂ ਤੋਂ ਮਿਲਦੀ ਪ੍ਰੋਟੀਨ, ਦਾਲਾਂ ਅਤੇ ਅਨਾਜਾਂ ਚੋਂ ਪ੍ਰਾਪਤ ਪ੍ਰੋਟੀਨ ਨਾਲੋਂ ਬਹੁਤ ਘਟੀਆ, ਬਹੁਤ ਘਟ ਅਤੇ ਅਤੀ ਮਹਿੰਗੀ ਪੈਂਦੀ ਹੈ।

ਅੰਡਿਆਂ ਦੇ ਸਮਰੱਥਕ ਪ੍ਰਚਾਰਕ ਜਦੋਂ ਅੰਡਿਆਂ ਦੇ ਗੁਣਾਂ ਅਤੇ ਇਸ ਵਿਚ ਦੇ ਤੱਤਾਂ ਦਾ ਵਰਣਨ ਕਰਦੇ ਹਨ ਤਾਂ ਜਾਣ ਬੁਝ ਕੇ ਇਸ ਵਿਚ ਪਾਈ ਜਾਂਦੀ ਭਾਰੀ ਮਾਤ੍ਰਾ ਵਿਚ ਕੋਲੈਸਟਰੋਲ (*cholostrol*) ਦਾ ਵਰਣਨ ਨਹੀਂ ਕਰਦੇ, ਜੋ ਕਿ ਇਕ ਅਤਿਅੰਤ ਹੀ ਖ਼ਤਰਨਾਕ ਮਾਰੂ ਜ਼ਹਿਰ ਹੈ, ਜਿਸ ਨਾਲ ਦਿਲ ਦੇ ਰੋਗ ਹੁੰਦੇ ਹਨ।

'ਕੰਟਰੋਲਿੰਗ ਕੋਲੈਸਟਰੋਲ' ਦਾ ਲੇਖਕ ਕੈਨੇਥ ਕਪੂਰ ਦਾ ਕਹਿਣਾ ਹੈ ਕਿ ਅੰਡੇ ਖਾਣ ਨਾਲ ਦਿਲ ਦੇ ਰੋਗ, ਸ਼ੂਗਰ ਅਤੇ ਰਕਤ ਚਾਪ ਹੋ ਜਾਣ ਦਾ ਪ੍ਰਬਲ ਖ਼ਤਰਾ ਰਹਿੰਦਾ ਹੈ। ਅਤੇ ਇਹਨਾਂ ਬੀਮਾਰੀਆਂ ਦੇ ਰੋਗੀਆਂ ਸੰਬੰਧੀ ਇਕ ਅਧਿਐਨ ਰੀਪੋਰਟ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਬੀਮਾਰੀਆਂ ਦੇ ਰੋਗੀਆਂ ਵਿਚ ੭੫ ਫੀ ਸਦੀ ਤੋਂ ਵਧ ਅੰਡੇ ਖਾਣ ਵਾਲੇ ਹੀ ਹੁੰਦੇ ਹਨ।

ਮੁਰਗੀ ਦਾ ਅੰਡਾ, ਆਮ ਕਰਕੇ ੫੦ ਗ੍ਰਾਮ ਵਜ਼ਨ ਦਾ ਹੁੰਦਾ ਹੈ, ਜਿਸ ਵਿਚੋਂ ੬-੭ ਗ੍ਰਾਮ ਛਿਲਕਾ ਕਢ ਕੇ, ਬਾਕੀ ਜ਼ਰਦੀ ਤੇ ਸਫ਼ੇਦੀ ੧-੨ ਦਾ ਅਨੁਪਾਤ ਹੁੰਦਾ ਹੈ, ਭਾਵ, ੧੪ ਤੇ ੨੫ ਗ੍ਰਾਮ ਇਹਨਾਂ ਵਿਚ ਆਮ ਕਰਕੇ ਸਾਲਮੋਨੇਲਾ (*solmonela*) ਨਾਮ ਦੇ ਕੀਟਾਣੂ ਮਿਲਦੇ ਹਨ, ਜਿਹੜੇ ਕਿ ਪੇਟ ਦੇ ਰੋਗ ਅਤੇ ਗੈਸਟ੍ਰੋ ਐਨਟੇਰਿਟਿਸ ਰੋਗਾਂ ਨੂੰ ਜਨਮ ਦੇਂਦੇ ਹਨ।

ਅੰਡੇ ਦੇ ਖੋਲ ਉਪਰ ੧੫੦੦੦ ਤੋਂ ਵਧ ਸੂਖਮ ਛੇਕ ਹੁੰਦੇ ਹਨ, ਜਿਨ੍ਹਾਂ ਰਾਹੀਂ ਇਸ ਦੇ ਅੰਦਰੋਂ ਬਾਹਰ, ਤੇ ਬਾਹਰੋਂ ਅੰਦਰ ਤਿੰਨ ਤਰ੍ਹਾਂ ਦੇ ਜੀਵਾਣੂਆਂ ਦੀ ਆਵਾ-ਜਾਈ ਲਗੀ ਰਹਿੰਦੀ ਹੈ—

੧. ਸਾਲਮੋਨੇਲਾ, ੨. ਸੀਗੇਲਾ, ਅਤੇ ੩. ਸਟੇਫਿਲੋਕੋਕਾਈ।

ਸਾਲਮੋਨੇਲਾ ਸਭ ਤੋਂ ਵਧ ਹਾਨੀਕਾਰਕ ਹੈ।

ਇਹ ਕੀਟਾਣੂ ਮੁਰਗੀਆਂ ਰਾਹੀਂ ਅੰਡਿਆਂ ਵਿਚ, ਤੇ ਅੰਡਿਆਂ ਰਾਹੀਂ ਖਾਣ ਵਾਲਿਆਂ ਅੰਦਰ ਪੁਜਦੇ ਹਨ। ੧੯੯੦ ਵਿਚ ਹਰਿਆਣਾ ਵਿਚ ਮੁਰਗੀਆਂ ਦੀ ਮਹਾਂ-ਮਾਰੀ ਪਈ ਸੀ, ਉਸ ਦਾ ਮੂਲ ਕਾਰਨ ਸਾਲਮੋਨੇਲਾ ਹੀ ਵਿਗਿਆਨੀਆਂ ਨੂੰ ਲਭਾ ਸੀ।

ਜੀਵਾਣੂ ਵਿਸ਼ੇਸ਼ਗ-ਵੀਤਲ ਵਾੜ ਅਨੁਸਾਰ ਕੱਚੇ ਅੰਡੇ, ਹਾਫ-ਬਾਇਲਡ ਅਤੇ ਇਹਨਾਂ ਤੋਂ ਬਣਾਏ ਵਿਅੰਜਨ, ਆਈਸ-ਕਰੀਮ ਆਦਿ ਦੀ ਵਰਤੋਂ ਨਾਲ ਵਡੀਆਂ ਬੀਮਾਰੀਆਂ ਦੀ ਸੰਭਾਵਨਾ ਬਣੀ ਰਹਿੰਦੀ ਹੈ।

੧੯੮੭ ਵਿਚ ਨਿਯੂਯਾਰਕ ਵਿਚ ਕੀਤੀ ਇਕ ਖੋਜ ਵਿਚ ਦਸ ਹਜ਼ਾਰ ਅੰਡਿਆਂ ਦੀ ਡਾਕਟਰੀ ਜਾਂਚ ਕਰਨ ਨਾਲ, ਕੇਵਲ ਇਕ ਅੰਡਾ ਹੀ ਅਜਿਹਾ ਮਿਲਿਆ, ਜਿਸ ਵਿਚ ਇਹ ਜੀਵਾਣੂ ਨਹੀਂ ਸਨ, ਬਾਕੀ ਸਭਨਾਂ ਦੀ ਜ਼ਰਦੀ ਤੇ ਸਫ਼ੇਦੀ ਵਿਚ ਇਹ ਜੀਵਾਣੂ ਭਾਰੀ ਮਾਤਰਾ ਵਿਚ ਮੌਜੂਦ ਸਨ।



www.AKJ.Org

# ਦੁ-ਬੇੜੀ ਲੱਤਾਂ

[ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ. ਲਿਟ.]

ਚਾਹੇ ਕੋਈ ਮਧਾਰਨ ਤੋਂ ਸਧਾਰਨ ਦੁਨਿਆਵੀ ਕਸਬ ਹੋਵੇ ਤੇ ਚਾਹੇ ਬ੍ਰਹਮ-ਗਿਆਨ ਦੀ ਕੋਈ ਉਚੀ ਤੋਂ ਉਚੀ ਆਤਮ-ਉਡਾਰੀ ਦੀ ਗੁੰਝਲ ਹੋਵੇ, ਜਦੋਂ ਭੀ ਅਸਾਂ ਕਿਸੇ ਸਿਆਣੇ ਤੋਂ ਕੁਝ ਸਿਖਣਾ ਹੋਵੇ, ਹਰ ਥਾਂ, ਹਰ ਸਮੇਂ ਇਕੋ ਹੀ ਸੁਨਹਿਰੀ ਨੇਮ ਮੰਨਣਾ ਪੈਂਦਾ ਹੈ ਕਿ ਸਿੱਖਿਆ-ਦਾਤੇ ਉਤੇ ਪੂਰਾ ਇਤਬਾਰ ਹੋਵੇ। ਜਦੋਂ ਭੀ ਸਿੱਖਣ ਵਾਲੇ ਨੂੰ ਆਪਣੇ ਉਸਤਾਦ ਦੀ ਅਕਲ-ਸਿਆਣਪ ਉਤੇ ਸ਼ੱਕ ਪੈਣਾ ਸ਼ੁਰੂ ਹੋ ਜਾਏ ਤਾਂ ਉਸਤਾਦ ਸ਼ਗਿਰਦ ਵਾਲਾ ਤੇ ਗੁਰੂ ਸਿਖ ਵਾਲਾ ਨਾਤਾ ਡੋਲਣ ਲਗ ਪੈਂਦਾ ਹੈ।

ਕਹਿੰਦੇ ਹਨ, ਰਾਜਾ ਜਨਕ ਨੇ ਆਪਣੇ ਰਾਜ ਵਿਚ ਇਹ ਢੰਡੋਰਾ ਦਿਵਾ ਦਿਤਾ ਕਿ 'ਮੈਨੂੰ ਕਿਸੇ ਐਸੇ ਗੁਰੂ ਦੀ ਲੋੜ ਹੈ ਜੋ ਮੈਨੂੰ ਇਤਨੇ ਚਿਰ ਵਿਚ ਗਿਆਨ ਦੇ ਦੇਵੇ, ਜਿਤਨੇ ਚਿਰ ਵਿਚ ਇਕ ਮਨੁੱਖ ਕੱਸੇ ਹੋਏ ਘੋੜੇ ਦੀ ਇਕ ਰਕਾਬ ਵਿਚ ਪੈਰ ਰਖ ਕੇ, ਪਲਾਕੀ ਮਾਰ ਕੇ ਘੋੜੇ ਤੇ ਸਵਾਰ ਹੋ ਜਾਂਦਾ ਹੈ।' ਰਿਸ਼ੀ ਅਸ਼ਟਾਵੱਕਰ ਆਇਆ। ਰਾਜੇ ਨੇ ਕਸਾਏ ਹੋਏ ਘੋੜੇ ਦੀ ਰਕਾਬ ਵਿਚ ਪੈਰ ਰਖਿਆ, ਪਲਾਕੀ ਮਾਰਨ ਹੀ ਲਗਾ ਸੀ, ਰਿਸ਼ੀ ਨੇ ਆਖਿਆ, 'ਰਾਜਨ ! ਮਨ ਮੇਰੇ ਹਵਾਲੇ ਕਰ ਦੇਹ।'

ਇਨਸਾਨੀ ਜੀਵਨ ਦਾ ਇਹ ਨੇਮ ਸਦਾ ਲਈ ਅਟੱਲ ਹੈ। ਜੀਵਨ-ਪੰਧ ਵਿਚ ਕਈ ਗੁੰਝਲਾਂ ਹਨ, ਕਈ ਠੇਡੇ ਲਗਦੇ ਹਨ, ਕਦਮ ਕਦਮ ਤੇ ਸਾਨੂੰ ਅਗਵਾਈ ਦੀ ਲੋੜ ਪੈਂਦੀ ਹੈ ਤੇ ਉਸ ਅਗਵਾਈ ਤੋਂ ਅਸੀਂ ਤਦੋਂ ਹੀ ਸਹੀ ਰਸਤਾ ਲਭ ਸਕਦੇ ਹਾਂ ਜੇ ਸਾਨੂੰ ਆਪਣੇ ਆਗੂ ਉਤੇ ਪੂਰਾ ਯਕੀਨ ਹੋਵੇ।

ਗੁਰਦੁਆਰਿਆਂ ਵਿਚ ਹਰ ਰੋਜ਼ ਸਤਸੰਗ ਪਿਛੋਂ ਹੇਠ ਲਿਖਿਆ ਦੋਹਰਾ ਪੜ੍ਹਨ ਦਾ ਆਮ ਰਿਵਾਜ ਹੈ :—

'ਗੁਰੂ ਗ੍ਰੰਥ ਕਉ ਮਾਨੀਯੋ, ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕਉ ਮਿਲਿਬੋ ਚਹੈ, ਖੋਜ ਸ਼ਬਦ ਮਹਿ ਲੇਹ ॥

ਹੈ ਭੀ ਠੀਕ ! ਸਰੀਰਕ ਤੌਰ ਤੇ ਸਾਥ ਸਦਾ ਨਹੀਂ ਨਿਭ ਸਕਦੇ। ਬਾਣੀ ਹੀ ਹੈ, ਜੋ ਸਦਾ ਸਾਂਭ ਕੇ ਰਖੀ ਜਾ ਸਕਦੀ ਹੈ ਤੇ ਸਦਾ ਲਈ ਜੀਵਨ-ਰਾਹ ਵਿਚ ਚਾਨਣ ਦੇਂਦੀ ਹੈ। ਗੁਰੂ ਨਾਨਕ ਪਾਤਿਸ਼ਾਹ ਦੇ ਨਾਮ-ਲੇਵਾ ਸਿਖ ਨੇ, ਜੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਦਸੇ ਰਾਹ ਤੇ ਤੁਰਨਾ ਹੈ ਤਾਂ ਉਸ ਦੇ ਪਾਸ ਸਤਿਗੁਰੂ ਦੀ ਬਾਣੀ ਹੈ, ਜੋ ਜੀਵਨ-ਪੰਧ ਦੇ ਹਨੇਰਿਆਂ ਵਿਚ ਚਾਨਣ ਦੇ ਸਕਦੀ ਹੈ, ਜੋ ਰਾਹ ਦੇ ਠੇਡਿਆਂ ਤੋਂ ਬਚਾ ਸਕਦੀ ਹੈ। ਤਾਹੀਏਂ ਕਲਗੀਧਰ ਪਾਤਿਸ਼ਾਹ ਸਰੀਰਕ ਗੁਰੂ ਦੀ ਅਗਵਾਈ ਵਾਲਾ ਸਿਲਸਿਲਾ ਬੰਦ ਕਰਨ ਵੇਲੇ ਖਾਲਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਤੁਰਨ ਦਾ ਹੁਕਮ ਦੇ ਗਏ ਸਨ।

ਅਸਾਂ ਗੁਰੂ ਗ੍ਰੰਥ ਸਾਹਿਬ ਉਤੇ ਪੂਰਨ ਸ਼ਰਧਾ ਰਖਣੀ ਹੈ। ਸ਼ਰਧਾਵਾਨ ਸਿਖ ਨੂੰ ਆਪਣੇ ਗੁਰੂ ਵਿਚ ਕਿਸੇ ਉਕਾਈ ਦਾ ਸ਼ੱਕ ਨਹੀਂ ਪੈ ਸਕਦਾ, ਗੁਰੂ ਵਿਚ ਕੋਈ ਕੂਹਜ ਨਹੀਂ ਦਿਸ ਸਕਦਾ। ਗੁਰੂ ਚਾਹੇ ਸਰੀਰਕ ਰੂਪ ਵਿਚ ਹੈ, ਚਾਹੇ ਬਾਣੀ ਸਰੂਪ ਵਿਚ ਹੈ, ਗੁਰੂ ਸਦਾ ਪੂਰਨ ਹੈ, ਅਭੁੱਲ ਹੈ। ਜੀਵਨ-ਪੰਧ ਦੇ ਜੋ ਨੇਮ ਗੁਰੂ ਦਸਦਾ ਹੈ, ਉਹ ਸਦਾ ਲਈ ਅਟੱਲ ਹੁੰਦੇ ਹਨ।

ਅਸੀਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਸਿਰ ਨਿਵਾਂਦੇ ਹਾਂ ਤਾਂ ਇਸੇ ਸ਼ਰਧਾ ਨਾਲ ਨਿਵਾਂਦੇ ਹਾਂ ਕਿ ਸਾਡਾ ਗੁਰੂ, ਬਾਣੀ-ਸਰੂਪ ਸਾਡਾ ਗੁਰੂ ਪੂਰਨ ਹੈ, ਅਭੁੱਲ ਹੈ। ਇਸ ਗੁਰੂ ਵਿਚ ਕਿਤੇ ਭੀ ਕੋਈ ਨਿੱਕਾ ਜਿਹਾ ਭੀ ਐਸਾ ਅੰਗ ਨਹੀਂ ਹੈ, ਜਿਸ ਨੂੰ ਕੂਹਜਾ ਕਿਹਾ ਜਾ ਸਕੇ, ਜਿਸ ਨੂੰ ਊਣਾ ਕਿਹਾ ਜਾ ਸਕੇ, ਜਿਸ ਨੂੰ ਉਕਾਈ ਕਿਹਾ ਜਾ ਸਕੇ। ਗੁਰੂ ਅਰਜਨ ਸਾਹਿਬ ਨੇ ਸਾਰੀ ਬਾਣੀ ਇਕ ਬੀੜ ਵਿਚ ਲਿਆ ਕੇ ਕਿਤੇ ਅਜਿਹਾ ਨੋਟ ਨਹੀਂ ਲਿਖਿਆ ਕਿ ਇਸ ਬੀੜ-ਗੁਰੂ ਵਿਚ, ਕਿਤੇ ਕੋਈ ਵਿਰੋਧਤਾ ਹੈ। ਕਲਗੀਧਰ ਪਾਤਿਸ਼ਾਹ ਜੀ ਨੇ ਭੀ ਕੋਈ ਐਸਾ ਹੁਕਮ ਨਹੀਂ ਸੀ ਕੀਤਾ।



www.AKJ.Org

ਪਰ ਅੱਜ ਅਸੀ ਗੁਰੂ ਗ੍ਰੰਥ ਸਾਹਿਬ ਬਾਰੇ ਅਜਬ ਅਸ਼ਰਧਾ-ਜਨਕ ਖ਼ਿਆਲ ਸੁਣ ਰਹੇ ਹਾਂ। ਕਿਤੇ ਕੋਈ ਵਿਦਵਾਨ ਕਿਸੇ ਸ਼ਬਦ ਦੇ ਨਾਲ ਕੋਈ ਐਸੀ ਸਾਖੀ ਜੋੜ ਕੇ ਸੁਣਾਂਦਾ ਹੈ, ਜੋ ਸਾਡੇ ਹੁਣ ਦੇ ਜੀਵਨ ਨੂੰ ਕੋਈ ਰਾਹ ਨਹੀਂ ਵਿਖਾ ਸਕਦੀ। ਗੁਰੂ ਨਾਨਕ ਪਾਤਿਸ਼ਾਹ ਦਾ ਨਾਮ-ਲੇਵਾ ਸਿਖ ਅਗੋਂ ਹੈਰਾਨ ਹੁੰਦਾ ਹੈ ਕਿ ਕੀ ਫਿਰ ਇਹ ਸ਼ਬਦ, ਸਾਡੇ ਹੁਣ ਦੇ ਜੀਵਨ ਵਾਸਤੇ ਨਹੀਂ ਰਿਹਾ ? ਕੀ ਸਹਿਜੇ ਸਹਿਜੇ ਐਸੇ ਹੋਰ ਭੀ ਸ਼ਬਦ ਨਿਕਲਦੇ ਆਉਣਗੇ, ਜਿਨ੍ਹਾਂ ਨਾਲ ਜੁੜੀਆਂ ਸਾਖੀਆਂ ਉਨ੍ਹਾਂ ਨੂੰ ਮਨੁੱਖਾ ਜੀਵਨ ਨਾਲ ਅਢੁਕਵਾਂ ਬਣਾ ਦੇਣਗੀਆਂ ? ਕਿਤੇ ਕੋਈ ਵਿਦਵਾਨ ਆਖਦਾ ਹੈ ਕਿ ਕਈ ਥਾਈਂ ਭਗਤਾਂ ਦੇ ਦਿਤੇ ਖ਼ਿਆਲ ਗੁਰਮਤਿ ਦੇ ਨਾਲ ਨਹੀਂ ਮਿਲਦੇ ਸਨ, ਤਾਂ ਸਤਿਗੁਰੂ ਜੀ ਨੇ ਉਹਨਾਂ ਨਾਲ ਆਪਣਾ ਖ਼ਿਆਲ ਭੀ ਦੇ ਦਿਤਾ ਸੀ।

ਇਹ ਐਸੀਆਂ ਖ਼ਤਰਨਾਕ ਉਖੇੜਾਂ ਹਨ ਜੋ ਸਧਾਰਨ ਜਾਪਦੀਆਂ ਹਨ, ਹਾਨੀ-ਹੀਣ ਜਾਪਦੀਆਂ ਹਨ; ਪਰ ਅਸਲ ਵਿਚ ਬੇ-ਮਲੂਮੇ ਜਿਹੇ ਸਿਖ ਦੀ ਸ਼ਰਧਾ ਦੇ ਪਤਰੇ ਉਤੇ ਨਿੱਕਾ ਜਿਹਾ ਚੀਰ ਪਾ ਦੇਂਦੀਆਂ ਹਨ। ਕਈ ਹੋਰ ਹੋਰ ਸ਼ੱਕ ਰਲਣੇ ਸ਼ੁਰੂ ਹੋ ਜਾਂਦੇ ਹਨ ਤੇ ਵਧਦੇ ਵਧਦੇ ਸ਼ਰਧਾ ਤੋਂ ਦੂਰ ਪਰੇਡੇ ਲੈ ਜਾਂਦੇ ਹਨ।

ਗੁਰੂ ਉਹ ਹੈ ਜਿਸ ਵਿਚ ਕਦੇ ਕਿਤੇ ਕੋਈ ਉਕਾਈ ਨਹੀਂ। ਗੁਰੂ ਉਹ ਹੈ ਜੋ ਸਾਡੇ ਰੋਜ਼ਾਨਾ ਜੀਵਨ ਵਿਚ ਹਰ ਵੇਲੇ ਅਗਵਾਈ ਕਰਨ ਦੇ ਸਮਰੱਥ ਹੈ। ਗੁਰੂ ਨਾਨਕ ਪਾਤਿਸ਼ਾਹ ਦੇ ਨਾਮ-ਲੇਵਾ ਵਾਸਤੇ ਗੁਰੂ ਗ੍ਰੰਥ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਸਰੂਪ ਹੈ, ਅਭੁੱਲ ਸਰੂਪ ਹੈ, ਉਕਾਈ-ਰਹਿਤ ਸਰੂਪ ਹੈ। ਇਸ ਦਾ ਕੋਈ ਇਕ ਭੀ ਐਸਾ ਅੰਗ ਨਹੀਂ, ਇਕ ਭੀ ਐਸਾ ਸ਼ਬਦ ਨਹੀਂ ਜੋ ਰਹਿੰਦੀ ਦੁਨੀਆ ਤਕ ਸਿਖ ਦੇ ਜੀਵਨ ਵਿਚ ਵਰਤਣ-ਜੋਗ ਨਾ ਰਹੇ। ਜੇ ਸਿਖ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਹੈ ਤਾਂ ਇਸੇ ਸ਼ਕਲ ਵਿਚ ਮੰਨਣਾ ਹੈ, ਸਿਰਫ਼ ਇਸੇ ਸ਼ਕਲ ਵਿਚ ਮੰਨਣਾ ਹੈ। ਇਹ ਨਹੀਂ ਹੋ ਸਕਦਾ ਕਿ ਮੱਥਾ ਭੀ ਟੇਕੇ ਤੇ ਇਹ ਭੀ ਆਖਦਾ ਜਾਏ ਕਿ ਇਸ ਵਿਚ ਕਈ ਥਾਂ ਵਿਰੋਧੀ ਖ਼ਿਆਲ ਭੀ ਮਿਲਦੇ ਹਨ ਤੇ ਕਈ ਸ਼ਬਦ ਐਸੇ ਹਨ ਜੋ ਹੁਣ ਦੇ ਜੀਵਨ ਨਾਲ ਮੇਲ ਨਹੀਂ ਖਾ ਸਕਦੇ। ਇਸ ਨੂੰ ਸ਼ਰਧਾ ਨਹੀਂ ਕਿਹਾ ਜਾ ਸਕਦਾ। ਇਹ ਤਾਂ—

'ਸਲਾਮੁ ਜਬਾਬੁ ਦੋਵੈ ਕਰੇ, ਮੁਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ, ਥਾਇ ਨ ਕਾਈ ਪਾਇ ॥' [ਮ: ੨

ਮੋਟੀ ਗੱਲ, ਗੁਰੂ ਗ੍ਰੰਥ ਸਾਹਿਬ ਵਿਚ ਚਾਹੇ ਕੋਈ ਸ਼ਬਦ ਕਿਸੇ ਭਗਤ ਜੀ ਦਾ ਹੈ ਤੇ ਚਾਹੇ ਗੁਰ-ਵਿਅਕਤੀ ਦਾ, ਹਰੇਕ ਸ਼ਬਦ ਰਹਿੰਦੀ ਦੁਨੀਆ ਤਕ ਇਨਸਾਨੀ ਜੀਵਨ ਲਈ ਚਾਨਣ ਦੇਣ ਦੇ ਸਮਰੱਥ ਰਹੇਗਾ, ਤੇ ਕਿਤੇ ਭੀ ਕੋਈ ਵਿਰੋਧੀ ਖ਼ਿਆਲ ਨਹੀਂ ਹਨ।

ਜੋ ਸਿਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਭੀ ਮੰਨਦਾ ਹੈ ਤੇ ਉਪਰ ਲਿਖੇ ਟਪਲੇ ਭੀ ਖਾਈ ਜਾਂਦਾ ਹੈ, ਉਹ ਅਸਲ ਵਿਚ ਦੋ ਬੇੜੀਆਂ ਵਿਚ ਸਵਾਰ ਹੋ ਕੇ ਜੀਵਨ-ਨਦੀ ਵਿਚੋਂ ਦੀ ਤਰਨ ਦਾ ਜਤਨ ਕਰਦਾ ਹੈ।

---

## ਸ਼ਬਦ-ਗੁਰੂ

[ਸ: ਅਤਰ ਸਿੰਘ 'ਨੀਰ']

ਫੁੱਲਾਂ ਦਾ ਰਸ ਲੈ ਕੇ ਭਵਰਾ, ਮੁੜ ਮੁੜ ਗੇੜੇ ਮਾਰੇ।
ਚੁੰਮੇ ਚੱਟੇ ਗੂੰਜਾਂ ਪਾਵੇ, ਮਸਤਿਆ ਲਵੇ ਹੁਲਾਰੇ।
ਸਵਾਂਤ ਬਿਨ ਝਾਕ ਪਪੀਹਾ, ਹੋਰ ਨ ਕਿਧਰੇ ਰਖੇ;
ਇਵੇਂ ਹੀ 'ਨੀਰ' ਸ਼ਬਦ-ਗੁਰੂ ਤੋਂ, ਗੁਰਸਿਖ ਸਦਕੇ ਵਾਰੇ।੧।

ਰੋਹੜੂ ਪਾਣੀ ਨਦੀ ਸ਼ੂਕਦੀ, ਪਾਰ ਨ ਸੌਖੀ ਹੋਵੇ।
ਬੇੜੀ ਪਾਈ ਉਸ ਨਦੀ ਵਿਚ, ਬੰਦੇ ਕਈ ਢੋਵੇ।
ਰੋੜ੍ਹੀ ਰਖਣ 'ਨੀਰ' ਮਣਾਂ ਨੂੰ, ਤੇਜ ਮਾਯਾ ਦੀਆਂ ਛੱਲਾਂ;
ਸ਼ਬਦ-ਗੁਰੂ ਦਾ 'ਨੀਰ' ਰੋਕ ਸਭ, ਭਰਮ ਭੁਲੇਖੇ ਧੋਵੇ।੨।



www.AKJ.Org

# ਧੰਨ ਗੁਰੂ ਨਾਨਕ

[ਗਿਆਨੀ ਗੋਪਾਲ ਸਿੰਘ 'ਮਿੱਤਰ', ਗੁੜਗਾਉਂ]

ਦੇਣ ਵਾਸਤੇ ਅਮਨ-ਸੰਦੇਸ਼ ਜਗ ਨੂੰ, ਹੋਇਆ ਜੱਗ ਤੇ ਹੈਸੀ ਅਵਤਾਰ ਤੇਰਾ।
ਸੁਰਨ-ਅੱਖਰਾਂ ਨਾਲ ਇਤਿਹਾਸ ਅੰਦਰ, ਲਿਖਿਆ ਗਿਆ ਏ ਮਾਨਵ-ਪਿਆਰ ਤੇਰਾ।
ਜਨਮ ਸਫਲ ਹੋਇਆ ਉਹਦਾ ਜੱਗ ਉੱਤੇ, ਜਿਸ ਨੇ ਆਣ ਕੇ ਕੀਤਾ ਦੀਦਾਰ ਤੇਰਾ।
ਕਟਿਆ ਗਿਆ ਚੌਰਾਸੀ ਦਾ ਗੇੜ ਉਹਦਾ, ਜਿਸ ਨੇ ਕੀਤਾ ਦੀਦਾਰ ਇਕ ਵਾਰ ਤੇਰਾ।੧।

ਛੁਪੀ ਹੋਈ ਸੀ ਕੋਈ ਅਗੰਮ ਸ਼ਕਤੀ, ਤੇਰੀ ਰੱਬੀ ਰਬਾਬ ਦੀ ਤਾਰ ਅੰਦਰ।
ਮਸਤ ਹੋ ਗਿਆ ਮਿੱਠੀ ਅਵਾਜ਼ ਸੁਣ ਕੇ, ਜੋ ਵੀ ਪੁੱਜਿਆ ਤੇਰੇ ਦਰਬਾਰ ਅੰਦਰ।
ਐਸਾ ਟੁੰਬਿਆ ਤਰਬ ਨੇ ਜਜ਼ਬਿਆਂ ਨੂੰ, ਖੀਵਾ ਹੋ ਗਿਆ ਪ੍ਰੇਮ-ਖੁਮਾਰ ਅੰਦਰ।
ਮਿੱਠੀ ਸੁਰ ਨੇ ਸੁੰਨ ਸਮਾਨ ਕੀਤਾ, ਰੰਗਿਆ ਗਿਆ ਉਹ ਰੱਬੀ ਪਿਆਰ ਅੰਦਰ।੨।

ਜੀਵਨ ਦੇ ਗਈ ਤੇਰੀ ਇਕ ਨੈਣ-ਤਕਣੀ, ਕੌਡੇ ਵਰਗਿਆਂ ਦੋਖੀ ਹਤਿਆਰਿਆਂ ਨੂੰ।
ਤੇਰੇ ਪਿਆਰ-ਸੰਦੇਸ਼ ਨੇ ਅਮਰ ਕੀਤਾ, ਸਜਣ ਠੱਗ ਜਿਹੇ ਕਰਮਾਂ ਦੇ ਮਾਰਿਆਂ ਨੂੰ।
ਰੰਗ ਲਾ ਗਿਆ ਦਾਤਿਆ ! ਸੰਗ ਤੇਰਾ, 'ਲਾਲੋ' ਵਰਗਿਆਂ ਰੱਬ ਦੇ ਪਿਆਰਿਆਂ ਨੂੰ।
ਦੇ ਗਈ ਚਾਨਣਾ ਵੱਧ ਚਰਨ-ਛੋਹ ਤੇਰੀ, ਇਹੋ ਜਿਹੇ ਆਕਾਸ਼ ਦੇ ਤਾਰਿਆਂ ਨੂੰ।੩।

ਕਿਤੇ ਵੇਖ ਸਮਾਜ-ਕੁਰੀਤੀਆਂ ਨੂੰ, ਤੈਨੂੰ ਉਹਦੇ ਸੁਧਾਰ ਦਾ ਖ਼ਿਆਲ ਆਇਆ।
ਕਿਤੇ ਵੇਖ ਕੇ ਰੋਂਦੇ ਮਜ਼ਲੂਮ, ਤੇਰੇ ਮਿਹਰਵਾਨ ਮਨ ਅਦਰ ਮਲਾਲ ਆਇਆ।
ਜਗਤ-ਦਰਦੀਆ, ਪੀੜ ਪਰਾਈ ਤਕ ਕੇ, ਬੋਲਾਂ ਤੇਰਿਆਂ ਅੰਦਰ ਉਬਾਲ ਆਇਆ।
ਤਕ ਬਾਬਰ ਦੇ ਖ਼ੂਨੀ ਕਾਰਿਆਂ ਨੂੰ, ਤੇਰੇ ਜਜ਼ਬਿਆਂ ਵਿਚ ਜਲਾਲ ਆਇਆ।੪।

ਮਸਤ ਹੋਂਵਦਾ ਸਾਰਾ ਬ੍ਰਹਮੰਡ, ਤੇਰੀ 'ਸਤਿ ਕਰਤਾਰ' ਦੀ ਮਿੱਠੀ ਅਵਾਜ਼ ਸੁਣ ਕੇ।
ਨੱਚਣ ਲਗ ਪਈ ਇਹ ਕਾਇਨਾਤ ਸਾਰੀ, ਤੇਰੇ ਸੋਹਣੇ ਰਬਾਬ ਜਿਹਾ ਸਾਜ ਸੁਣ ਕੇ।
ਚੰਨ ਤਾਰੇ ਵੀ ਝੁਕ ਝੁਕ ਕੇ ਕਰਨ ਸਿਜਦੇ, ਤੇਰਾ ਉੱਚ ਵਿਚਾਰ ਪਰਵਾਜ਼ ਸੁਣ ਕੇ।
ਠੱਗ, ਚੋਰ, ਪਾਪੀ, ਪਾਮਰ ਆਉਣ ਨੱਸੇ, ਭਵਜਲ ਤਾਰਦਾ ਬਾਣੀ ਜਹਾਜ਼ ਸੁਣ ਕੇ।੫।

ਚਰਨ ਧੂੜ ਤੇਰੇ ਮੱਥੇ ਲਾਉਣ ਦੇ ਲਈ, ਲੱਖਾਂ ਕਾਮਧੇਨਾਂ ਦਰਸ਼ਨ ਕਰਦੀਆਂ ਨੇ।
ਦਾਤਿ ਮੁਕਤੀ ਦੀ ਲੈਣ ਲਈ ਦਰ ਤੇਰੇ, ਲਖਾਂ ਦੇਵੀਆਂ ਆ ਪਾਣੀ ਭਰਦੀਆਂ ਨੇ।
ਜਿਹੜੀ ਜਿਹਬਾ ਵੀ ਆਖੇ 'ਧੰਨ ਗੁਰੂ ਨਾਨਕ', ਜਨਮ ਜਨਮ ਦੀਆਂ ਪੀੜਾਂ ਹਰਦੀਆਂ ਨੇ।
ਸਿਦਕ ਧਾਰ ਕੇ ਜਿਹੜਾ ਵੀ ਸ਼ਰਨ ਆਵੇ, ਉਹਦੀਆਂ ਬੇੜੀਆਂ ਭਵਜਲੋਂ ਤਰਦੀਆਂ ਨੇ।੬।

ਜਨਮ ਜਨਮ ਦੀਆਂ ਸੁੱਤੀਆਂ ਆਤਮਾਵਾਂ, ਝੂਣ ਝੂਣ ਕੇ ਆਣ ਜਗਾਈਆਂ ਤੂੰ।
ਮਾਨਵ ਧਰਮ ਦਾ ਸੁੱਚਾ ਸੰਦੇਸ਼ ਦੇ ਕੇ, ਕਢੀਆਂ ਹਿਰਦਿਆਂ ਚੋਂ ਊਣਤਾਈਆਂ ਤੂੰ।
ਦੂਈ ਈਰਖਾ ਦਵੈਤ ਦੇ ਫੱਟੜਾਂ ਨੂੰ, ਪਿਆਰ ਮਲ੍ਹਮ ਦੀਆਂ ਟਾਕੀਆਂ ਲਾਈਆਂ ਤੂੰ।
ਸ਼ਹਿਦ ਵਾਂਗ ਮਿਠੇ ਤੇਰੇ ਬੋਲ 'ਮਿੱਤਰ', ਵੰਡੀਆਂ ਮਿਹਰ ਮੁਹੱਬਤ ਦਵਾਈਆਂ ਤੂੰ।੭।



www.AKJ.Org

# ਦੂਜਿਆਂ ਦੀਆਂ ਨਜ਼ਰਾਂ ਵਿਚ ਖਾਲਸਾ

[ਸ. ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟ : ਸੈਕਟਰ 14, ਰੋਹਣੀ–ਦਿਲੀ 85]

ਸਤਾਰਾਂ ਸੌ ਉਨਤਾਲੀ ਈਸਵੀ ਨਾਦਰ ਕੰਧਾਰੀ,
ਚੜ੍ਹ ਕੇ ਆਇਆ ਹਿੰਦ ਤੇ ਲੈ ਫ਼ੌਜਾਂ ਭਾਰੀ।
ਛੱਡਣਾ ਕੁਝ ਵੀ ਨਹੀਂ ਉਸ, ਇਹ ਪੱਕੀ ਧਾਰੀ,
ਉਨ੍ਹ ਕਿਹਾ ਆਪਣੇ ਸਾਥੀਆਂ, ਦੇ ਕੇ ਹੁਸ਼ਿਆਰੀ।
ਸੋਨਾ ਚਾਂਦੀ ਜਵਾਹਰਾਤ ਦਾ ਹਿੰਦ ਭੰਡਾਰੀ,
ਰਹਿਣ ਨਾ ਦਿਉ ਸਾਥੀਓ, ਕੋਈ ਵਿਆਹੀ ਕੁਆਰੀ।

ਚੀਰਦੇ ਹੋਏ ਪੰਜਾਬ ਨੂੰ, ਦਿੱਲੀ ਆ ਕੇ,
ਐਲੀ ਐਲੀ ਕਰਦੇ ਉਹ, ਪੈ ਗਏ ਧਾ ਕੇ।
ਢਾਹੇ ਮਹਿਲ ਤੇ ਮਾੜੀਆਂ, ਪਾ ਦਿਤੇ ਧਮਾਕੇ,
ਸੋਨਾ ਚਾਂਦੀ ਲੁਟਿਆ, ਮੰਦਰਾਂ ਨੂੰ ਢਾਹ ਕੇ।
ਭੰਨ ਭੰਨ ਮੂਰਤੀਆਂ ਰੋਲੀਆਂ, ਪੈਰਾਂ ਵਿਚ ਪਾ ਕੇ,
ਲੁੱਟੇ ਗਲੀ ਬਜ਼ਾਰ ਸਭ, ਉਸ ਰੀਝਾਂ ਲਾਹ ਕੇ।
ਸਾਹਵੇਂ ਖੜਿਆ ਕੋਈ ਨਾ, ਹਰ ਥਾਂ ਵੀਰਾਨੀ,
ਰਾਮ-ਕ੍ਰਿਸ਼ਨ ਦੇ ਸੇਵਕਾਂ, ਨੂੰ ਰਖ ਨਿਸ਼ਾਨੀ।
ਛਡੇ ਅਮੀਰ ਗਰੀਬ ਨਾ, ਕੋਈ ਸੇਠ ਸਿਠਾਣੀ,
ਬਚੇ ਬੁਢੇ ਯੁਵਤੀਆਂ, ਤੇ ਕੁੜੀ ਜ਼ਨਾਨੀ।
ਇਕ ਇਕ ਨੂੜੀ ਉਸ ਨੇ, ਮੁੱਛ-ਫੁਟੀ ਜਵਾਨੀ,
ਬੰਨ੍ਹ ਕੇ ਗਡੇ ਭਰ ਲਏ, ਜਿਉਂ ਮੁੰਜੀ ਧਾਨੀ।
ਅਰਬਾਂ ਦਾ ਮਾਲ ਸੰਪਤੀ, ਤੇ ਲਸ਼ਕਰ ਭਾਰੀ,
ਵੜਿਆ ਵਿਚ ਲਾਹੌਰ ਦੇ, ਨਾਦਰ ਹੰਕਾਰੀ।
ਸੂਬੇ ਦਿਤਾ ਕਰੋੜ ਇਕ, ਮੰਨ ਕੇ ਸਰਦਾਰੀ,
ਪਾਰ ਕਰਨ ਲਈ ਰਾਵੀਓਂ, ਕਰ ਲਈ ਤਿਆਰੀ।
ਅਗੋਂ ਹੋ ਕੇ ਖਾਲਸੇ, ਖੂਬ ਭੁਗਤ ਸੰਵਾਰੀ,
ਖੋਹੀਆਂ ਕੁੜੀਆਂ ਮਾਲ ਸਭ, ਕਰ ਹਮਲਾ ਭਾਰੀ।

ਨਾਦਰ ਸ਼ਾਹ ਤੇ ਸਾਥ ਦੇ, ਪਠਾਣ ਵਡੇਰੇ,
ਕੰਢੇ ਰਾਵੀ ਦੇ ਉਤੇ, ਦੁਵਲੀਓਂ ਘੇਰੇ।
ਰਹਿ ਗਿਆ ਤਕਦਾ ਉਠ ਉਠ ਕੇ ਭਖਦੇ ਚੇਹਰੇ,
ਪੇਸ਼ ਨਾ ਚਲੀ ਮੂਲ ਕੋ, ਸਿੱਖਾਂ ਮੁਗਦਰ ਫੇਰੇ।
ਵੀਹ ਹਜ਼ਾਰ ਸਨ ਸੁੰਦਰੀਆਂ, ਤੇ ਜਵਾਨ ਬਥੇਰੇ,
ਸਿੰਘ ਛੁਡਾ ਕੇ ਲੈ ਵੜੇ, ਵਿਚ ਆਪਣੇ ਡੇਰੇ।

ਸੂਬੇ ਨੂੰ ਸਦ ਆਖਦਾ, ਨਾਦਰ ਲੁਟੇਰਾ,
ਦਿੱਲੀ ਅੰਦਰ ਲਹਿਰਦਾ ਪਿਆ ਮੇਰਾ ਫਰੇਰਾ।
ਥਰ ਥਰ ਅਜ ਹੈ ਕੰਬਦਾ, ਕੁਲ ਚਾਰ ਚੁਫੇਰਾ,
ਪਰ ਖ਼ੌਫ ਨਹੀਂ ਖਾਧਾ ਕੁਝ ਵੀ, ਇਨ੍ਹਾਂ ਨੇ ਮੇਰਾ।
ਕੌਣ ਇਹ ਕਿਹੜੇ ਲੋਕ ਨੇ, ਹੈ ਕਿਥੇ ਡੇਰਾ,
ਲੈ ਗਏ ਮਾਲ ਤੇ ਯੁਵਤੀਆਂ, ਕਰ ਵਡਾ ਜੇਰਾ।

ਸੁਣ ਕੇ ਆਖਿਆ ਜ਼ਕਰੀਏ ਮੇਰੇ ਸਾਹਿਬ ਆਲੀ,
ਇਨ੍ਹਾਂ ਲੁਟੇਰੇ ਸਿੱਖਾਂ ਦੀ, ਹਰ ਗੱਲ ਨਿਰਾਲੀ।
ਜੰਗਲ ਬੇਲਿਆਂ ਵਿਚ ਵਸਣ, ਪਰ ਚੇਹਰੇ ਲਾਲੀ,
ਸਦਾ ਹੀ ਕਾਠੀ ਘੋੜਿਆਂ ਤੇ ਵਟੀ ਦੁਮਾਲੀ।
ਖੋਜ ਮਿਟਾਇਆ ਕਈ ਵਾਰ, ਪਰ ਬੜੀ ਕਮਾਲੀ,
ਸਾਵਣ ਦੀ ਖੁੰਬ ਵਾਂਗਰਾਂ, ਫਿਰ ਦੇਣ ਦਿਖਾਲੀ।

ਤਾਂ ਫਿਰ ਬੋਲਿਆ, ਸੁਣ ਜ਼ਕਰੀਏ ਖ਼ਾਨਾਂ!
ਚੜ੍ਹਤਾਂ ਇਨ੍ਹਾਂ ਦੀਆਂ ਵੇਖਸੀ, ਇਕ ਦਿਨ ਜ਼ਮਾਨਾ।
ਮਾਮੂਲੀ ਸਮਝੀਂ ਕਦੇ ਨਾ, ਇਨ੍ਹਾਂ ਸ਼ੇਰ ਜਵਾਨਾਂ,
ਮਾਲਕ ਹੋਸਣ ਰਾਜ ਦੇ, ਤੇ ਠਾਠ ਸ਼ਹਾਨਾ।

ਥੋੜੇ ਸਮੇਂ ਦੇ ਬਾਅਦ ਹੀ, ਉਠੀਆਂ ਗੁੰਜਾਰਾਂ,
ਦੇਸ਼ ਪੰਜਾਬ ਨੂੰ ਸਾਂਭਿਆ ਸਿੱਖਾਂ ਸਰਦਾਰਾਂ।
ਮਹਾਰਾਜਾ ਰਣਜੀਤ ਸਿੰਘ, ਨਾਲ ਸਿਦਕ ਪਿਆਰਾਂ,
ਜਨਤਾ ਵਿਚ ਵਸਾਈਆਂ, ਹਨ ਅਮਨ-ਫੁਹਾਰਾਂ।
ਆਵਣ ਚਲ ਅੰਗਰੇਜ਼ ਨੀਰ, ਤੇ ਹੋਰ ਹਜ਼ਾਰਾਂ,
ਜੈ ਹੋ ਤੇਰੀ ਖਾਲਸਾ, ਰਹਿਣ ਸਦਾ ਬਹਾਰਾਂ।

# ਕਾਮਲ ਮੁਰਸ਼ਦ

ਸਾਧੂ ਸਿੰਘ 'ਸੂਫ਼ੀ'

ਬਾਝ ਪਿਆਰੇ ਮੁਰਸ਼ਦ ਕਾਮਲ, ਰਸਤਾ ਕਉਣ ਬਤਾਵੇ, ਖ਼ਬਰ ਸੁਣਾਵੇ।
ਰੂਪ ਰੰਗ ਨਾ ਅੰਗ ਢੰਗ ਕੁਝ, ਉਸ ਨੂੰ ਕਉਣ ਵਿਖਾਵੇ, ਪਤਾ ਲਗਾਵੇ।
ਅੱਕਲ ਫਿਕਰ ਨਾ ਜਾਣੇ ਜਿਸ ਨੂੰ, ਮਨ ਬਾਣੀ ਨਾ ਪਾਵੇ, ਪਰੇ ਕਹਾਵੇ।
ਸੂਫ਼ੀ ਐਸਾ ਯਾਰ ਪਿਆਰਾ, ਕਾਮਲ ਮਰਦ ਮਿਲਾਵੇ, ਮੇਲ ਕਰਾਵੇ।੩੭।



www.AKJ.Org

# ਪੱਤ ਜਦੋਂ ਵੀ ਲਹਿੰਦੀ ਏ

[ਸ: ਅਵਤਾਰ ਸਿੰਘ ਐਮ, ਏ., ਮੰਡੇਰ ਦੋਨਾ (ਕਪੂਰਥਲਾ) ]

ਖਾਣਾ ਸਭ ਹਰਾਮ ਹੋ ਜਾਂਦਾ, ਪੱਤ ਜਦੋਂ ਵੀ ਲਹਿੰਦੀ ਏ।
ਬਲ ਧਾਰ ਕੇ ਫਾਹੀ ਜਮਾਂ ਦੀ, ਆਖ਼ਰ ਕੱਟਣੀ ਪੈਂਦੀ ਏ।
ਨਾ ਭੈ ਦੇਣਾ ਨਾ ਭੈ ਮੰਨਣਾ, ਗੁਰੂ ਸਾਹਿਬ ਫ਼ੁਰਮਾਉਂਦੇ ਨੇ।
ਸੂਰੇ ਤਾਂ ਰਣ ਵਿਚ ਵੀ ਜਾ ਕੇ, ਹਰੀ ਹਰੀ ਹੀ ਗਾਉਂਦੇ ਨੇ।
ਧੰਨ ਗੁਰੂ, ਧੰਨ ਗੁਰੂ ਪਿਆਰੇ, ਸਾਰੀ ਖ਼ਲਕਤ ਕਹਿੰਦੀ ਏ। ਖਾਣਾ ਸਭ ਹਰਾਮ......
ਮਾਇਆ ਹੈ ਜੋ ਕਰੇ ਛਲਾਵੇ, ਸੰਤਾਂ ਚਰਨੀਂ ਢਹਿ ਜਾਵੇ।
ਉਹੀ ਸਿੱਖ ਇਹ ਮੰਜ਼ਿਲ ਪਾਉਂਦਾ, ਚੋਟ ਸ਼ਬਦ ਦੀ ਸਹਿ ਜਾਵੇ।
'ਸੰਤਾਂ ਮਾਨਉ ਦੂਤਾਂ ਡਾਨਉ' ਗੁਰਬਾਣੀ ਵੀ ਕਹਿੰਦੀ ਏ। ਖਾਣਾ ਸਭ ਹਰਾਮ......
'ਤੇਰਾ ਭਾਣਾ ਮੀਠਾ ਲਾਗੈ' ਉਦੋਂ ਤੱਕ ਹੀ ਗਾਉਣਾ ਏ।
ਹੀਲੇ ਸਾਰੇ ਮੁੱਕ ਜਾਵਣ ਜਦ, ਹੱਥ ਤੇਗ ਨੂੰ ਪਾਉਣਾ ਏ।
ਕੁਰਬਾਨੀਆਂ ਦੇ ਜਜ਼ਬਿਆਂ ਕਾਰਨ, ਸਿੱਖੀ ਫਲਦੀ ਰਹਿੰਦੀ ਏ। ਖਾਣਾ ਸਭ ਹਰਾਮ......
ਅਨਿਆਂ ਵਿਚ ਚੁੱਪ ਧਾਰ ਨਹੀਂ ਰਹਿਣਾ, ਨ ਨਿਆਂ ਵਿਚ ਗਰਦੀ ਕਰਨੀ ਏ।
ਤੁਰਨਾ ਮਰਨ ਕਬੂਲ ਕੇ ਪਹਿਲਾਂ, ਨ ਬੱਧਾ ਚੱਟੀ ਭਰਨੀ ਏ।
'ਸਿਰੁ ਦੀਜੈ ਕਾਣਿ ਨ ਕੀਜੈ' ਦੀ ਗੱਲ, ਹਿਰਦੇ ਧਰਨੀ ਪੈਂਦੀ ਏ। ਖਾਣਾ ਸਭ ਹਰਾਮ ...
'ਰਾਜੁ ਨ ਚਾਹਉ ਮੁਕਤਿ ਨ ਚਾਹਉ', ਚਰਨ ਕਮਲਾਂ ਨਾਲ ਪ੍ਰੀਤ ਰਹੇ।
ਚੱਕਰਾਂ ਦੇ ਚਮਕਾਰੇ ਆਖ਼ਣ, ਪੰਥ ਤੇਰੇ ਦੀ ਜੀਤ ਰਹੇ।
'ਖੰਨਿਅਹੁ ਤਿਖੀ ਵਾਲਹੁ ਨਿਕੀ' ਮੁੱਲ ਮਹਿੰਗੇ ਸਿੱਖੀ ਪੈਂਦੀ ਏ। ਖਾਣਾ ਸਭ ਹਰਾਮ......
ਇਸ ਸਿੱਖੀ ਦੇ ਬੂਟੇ ਹੇਠਾਂ, ਜਗਤ ਜਲੰਦਾ ਠਰਦਾ ਰਹੇ।
ਹਰ ਸੂਲਹੀ, ਹਰ ਨਾਦਰ, ਬਾਬਰ, ਝਲਕ ਤੇਰੀ ਤੋਂ ਡਰਦਾ ਰਹੇ।
'ਮੰਡੇਰ' ਤੇਰੇ ਨੂੰ ਦਰ ਤੇਰੇ ਤੋਂ, ਖ਼ੈਰ ਸਦਾ ਹੀ ਪੈਂਦੀ ਏ।
ਖਾਣਾ ਸਭ ਹਰਾਮ ਹੋ ਜਾਂਦਾ; ਪੱਤ ਜਦੋਂ ਵੀ ਲਹਿੰਦੀ ਏ।
ਬਲ ਧਾਰ ਕੇ ਫਾਹੀ ਜਮਾਂ ਦੀ, ਆਖ਼ਰ ਕੱਟਣੀ ਪੈਂਦੀ ਏ।

---

ਫ਼ਤਹਿਗੜ੍ਹ ਚੂੜੀਆਂ, ਗੁਰਦਵਾਰਾ ਸਿੰਘ ਸਭਾ, ੨੮ ਨਵੰਬਰ, ਰੈਣ ਸਬਾਈ ਕੀਰਤਨ
ਬਸੀ ਪਠਾਣਾਂ, ਸ੍ਰੀ ਲਾਲ ਗੁਰਦਵਾਰਾ ਸਾਹਿਬ, ਧੋਬੀ ਮਹੱਲਾ, ੨੯ ਨਵੰਬਰ ਰੈਣ ਸਬਾਈ ਕੀਰਤਨ
ਮਾਈ ਦੇ ਕੰਗ (ਹੁਸ਼ਿਆਰਪੁਰ) ਗੁ. ਭਾਈ ਮੰਝ ਸਾਹਿਬ, ੧੫ ਨਵੰਬਰ ਸੰਗਰਾਂਦ, ਦੁਪਹਿਰ ਤੱਕ ਕੀਰਤਨ
ਮੰਗੀਆਂ ਧਰਮਕੋਟ ਰੰਧਵਾ (ਗੁਰਦਾਸਪੁਰ), ਜਗਦੀਸ਼ ਸਿੰਘ ਜੇ. ਈ., ੫ ਦਸੰਬਰ ਰੈਣ ਸਬਾਈ ਕੀਰਤਨ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) 21-11-92 ਸ੍ਰੀ ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਖੁਸ਼ੀ ਵਿਚ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ, ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਹਰਨੇਲ ਲੇਨ, ਕਵੈਂਟਰੀ। ਗੁਰਦਵਾਰਾ ਫ਼ੋਨ 0203-2 0960
ਭਾਈ ਮਹਿੰਦਰ ਸਿੰਘ ਅਟਵਾਲ 0203-665293

(2) 5-12-92 ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ ਸੰਬੰਧੀ ਰੈਣ ਸਬਾਈ ਕੀਰਤਨ ਗੁਰਦਵਾਰਾ (ਸਿੱਖ ਟੈਂਪਲ) 31-ਰੂਟਲੈਂਡ ਰੋਡ, ਮੇਡਨਹੈਡ (ਬਰਕਸ਼) ਗੁਰਦਵਾਰਾ ਫ਼ੋਨ 0628-23707
ਭਾਈ ਇੰਦਰਪਾਲ ਸਿੰਘ ਗਰੇਵਾਲ 0628-28536

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਨਰਿੰਦਰ ਕੌਰ ਕਿਲ੍ਹਾ ਰਾਇਪੁਰ | ੧੦੦-੦੦ | ਸ: ਦਲਬੀਰ ਸਿੰਘ ਡਿਗਿਆਣਾ ਜੰਮੂ | ੪੪੫-੦੦ |
| ਗੁਪਤ ਸੇਵਾ | ੭੦੦੦-੦੦ | ਗੁਪਤ ਸੇਵਾ ੫੦੧-੦੦ ਗੁਪਤ ਸੇਵਾ | ੫੦੦-੦੦ |
| ਸ: ਗੁਰਦੀਪ ਸਿੰਘ ਜਬਲਪੁਰ | ੨੫੦-੦੦ | ਸ: ਦਿਆਲ ਸਿੰਘ ਜਬਲਪੁਰ | ੧੨੬-੦੦ |
| ਸ: ਹਰਜੀਤ ਸਿੰਘ ਦਿਲੀ | ੫੦੦-੦੦ | ਗੁਪਤ ਸੇਵਾ ੧੦੦-੦੦ ਗੁਪਤ ਸੇਵਾ | ੫੦੧-੦੦ |
| ਬੀ: ਰਣਜੀਤ ਕੌਰ ਛਤਵਾਲ ਨਵੀਂ ਦਿਲੀ | ੨੫੦-੦੦ | ਗੁਪਤ ਸੇਵਾ ਬਰੇਲੀ ੫੦੦-੦੦ ਗੁਪਤ ਸੇਵਾ | ੫੦੦-੦੦ |
| ਗੁਪਤ ਸੇਵਾ ਜੈਪੁਰ | ੫੦੧-੦੦ | ਅਖੰਡ ਕੀਰਤਨੀ ਜਥਾ ਬਰੇਲੀ | ੧੦੦੦-੦੦ |
| ਸ: ਸੁਖਬੀਰ ਸਿੰਘ ਗ੍ਰੇਵਜ਼ੈਂਡ ਯੂ.ਕੇ. | ੧੦੧-੦੦ | ਗੁਰੂ ਕੀ ਗੋਲਕ | ੫੦੦-੦੦ |
| ਸ: ਪਰਕਾਸ਼ ਸਿੰਘ ਨਵੀਂ ਦਿਲੀ | ੫੦੦-੦੦ | ਬੀ:ਪ੍ਰਕਾਸ਼ਕੌਰ ਮੇਰਠ(ਪੁਤਰ ਦੇ ਅਨੰਦ ਦੀ ਖੁਸ਼ੀ) | ੧੦੦-੦੦ |
| ਸ:ਅਤਰਸਿੰਘ ਕਕੂਰੀਆ ਦਿਲੀ(ਮਾਪਿਆਂ ਦੀ ਯਾਦ) | ੫੦੧-੦੦ | ਗੁਪਤ ਸੇਵਾ | ੪੦੦੫-੦੦ |
| ਮਹਿਤਾਬੀ ਸਟੋਰ ਜਰਮਨੀ | ੭੦੦੦-੦੦ | ਭਾਈ ਪਰਦੰਮਨ ਸਿੰਘ ਜਲੰਧਰ | ੨੦੦-੦੦ |
| ਸ: ਤਰਲੋਚਨ ਸਿੰਘ ਨਵੀਂ ਦਿਲੀ | ੧੧੦-੦੦ | ਗੁਪਤ ਸੇਵਾ ਮੋਹਾਲੀ | ੧੦੦੦-੦੦ |
| ਗੁਪਤ ਸੇਵਾ ਅੰਮ੍ਰਿਤਸਰ | ੬੦੦-੦੦ | ਜੀ. ਐਸ. ਚੱਢਾ ਮੋਹਾਲੀ | ੫੦੦-੦੦ |
| ਸ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ | ਸ: ਚਰਨਜੀਤ ਸਿੰਘ ਪੱਡਾ ਇਲਫੋਰਡ | ੫੧੪੦-੦੦ |
| ਸ: ਸੁਰਜੀਤ ਸਿੰਘ ਜਾਜਾ ਕਲਾਂ | ੧੯੦੦-੦੦ | ਬੀ:ਜਸਵੰਤ ਕੌਰ ਭਾ:ਨਿਰਮਲ ਸਿੰਘ ਕੰਗ ਸਲੋਅ (ਚੜ੍ਹਦੀ ਕਲਾ ਹਿਤ ਅਰਦਾਸ) | ੧੩੦੦-੦੦ |
| ਬੀਬੀ ਦੇਬੋ ਕੌਰ ਚਾਰਲਟਨ ਯੂ ਕੇ. | ੫੧੪੦-੦੦ | | |
| ਅਖੰਡ ਕੀਰਤਨੀ ਜਥਾ ਗ੍ਰੇਵਜ਼ੈਂਡ ਯੂ.ਕੇ. | ੫੫੦੦-੦੦ | ਸ: ਅਮਰਜੀਤ ਸਿੰਘ ਲੁਧਿਆਣਾ | ੫੦੦-੦੦ |
| ਬੀਬੀਆਂ ਚੈਥਮ ਯੂ ਕੇ. | ੫੫੦੦-੦੦ | ਭਾ: ਮਨਜੀਤ ਸਿੰਘ ਬਰਮਿੰਘਮ ਯੂ.ਕੇ. | ੫੬੯੭-੫੦ |
| ਸ: ਪਰਮਿੰਦਰ ਸਿੰਘ ਲੁਧਿਆਣਾ | ੨੫੦-੦੦ | ਭਾ.ਅਮਰਜੀਤਸਿੰਘ ਖਾਲਸਾ ਬੰਬਈ (ਹਰਜੀਤਕੌਰ ਤੇ ਹਵਿੰਦਰ ਸਿੰਘ ਦੇ ਅਨੰਦ ਸਮੇਂ) | ੧੦੧-੦੦ |
| ਸ: ਅਵਤਾਰ ਸਿੰਘ ਲੁਧਿਆਣਾ | ੧੦੦-੦੦ | | |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀਬੀ ਸਵਿੰਦਰ ਕੌਰ ਪਤਨੀ ਸ: ਬੂੜ ਸਿੰਘ ਸੁਲਤਾਨਵਿੰਡ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਜਸਬੀਰ ਕੌਰ ਪਤਨੀ ਭਾ: ਹਰਜਿੰਦਰ ਸਿੰਘ ਬੁਟਰ ਕਲਾਂ —ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਹਰਵਿੰਦਰ ਕੌਰ ਪਤਨੀ ਸ਼ਹੀਦ ਜਸਬੀਰ ਸਿੰਘ ਅੰਮ੍ਰਿਤਸਰ —ਪਤੀ ਸ਼ਹੀਦ | ੫੦੦੦-੦੦ |
| ਬੀ: ਦਰਸ਼ਨ ਕੌਰ ਪਤਨੀ ਸ਼ਹੀਦ ਸੁਖਦੇਵ ਸਿੰਘ ਔਲਖ—ਪਤੀ ਸ਼ਹੀਦ, ਪਰਵਾਰਕ ਲੋੜਾਂ | ੫੦੦੦-੦੦ |
| ਭਾ: ਹਜ਼ੂਰਾ ਸਿੰਘ ਪੁਤਰ ਸ: ਬੂੜ ਸਿੰਘ ਮਮੀ ਚਕ ਰੰਗਾ—ਘਰੇਲੂ ਲੋੜਾਂ | ੧੦,੦੦੦-੦੦ |
| ਬੀ: ਬਲਬੀਰ ਕੌਰ ਪਤਨੀ ਸ਼ਹੀਦ ਅਵਤਾਰ ਸਿੰਘ ਕੋਟਲੀ ਰਟੋਲ —ਪਤੀ ਸ਼ਹੀਦ, ਬੱਚਿਆਂ ਦੀ ਪੜ੍ਹਾਈ | ੫੦੦੦-੦੦ |
| ਸ: ਹਰਭਜਨ ਸਿੰਘ ਪਿਤਾ ਸ਼ਹੀਦ ਕਾਹਨ ਸਿੰਘ ਬੁਟਰ ਕਲਾਂ —ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਸ: ਬਸੰਤ ਸਿੰਘ ਪਿਤਾ ਭਾਈ ਅਮਰ ਸਿੰਘ ਨੈਨੋਕੋਟ—ਪੁਤਰ ਜੇਲ੍ਹ, ਕੋਈ ਕਮਾਉ ਨਹੀਂ | ੫੦੦੦-੦੦ |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਹਰਮੰਦਰ ਸਿੰਘ ਡੈਨਮਾਰਕ | ੨੫੦-੦੦ | ਸ: ਜਗਤਾਰ ਸਿੰਘ ਡੈਨਮਾਰਕ | ੨੫੦-੦੦ |
| ਗੁਪਤ ਸੇਵਾ ੫੦-੦੦ ਗੁਪਤ ਸੇਵਾ | ੫੧-੦੦ | ਗੁਪਤ ਸੇਵਾ ੧੦੧-੦੦ ਗੁਪਤ ਸੇਵਾ | ੫੧-੦੦ |
| ਗੁਪਤ ਸੇਵਾ ੪੦-੦੦ ਗੁਪਤ ਸੇਵਾ | ੧੦੦-੦੦ | ਗੁਪਤ ਅੰਮ੍ਰਿਤਸਰ ੨੦੦-੦੦ ਸੇਵਕ ਗੁਰੂ, ਜੈਪੁਰ | ੧੦੦-੦੦ |
| ਬੀਬੀ ਦਯਾ ਕੌਰ ਨਵੀਂ ਦਿੱਲੀ | ੫੦-੦੦ | ਸ: ਜਸਵੰਤ ਸਿੰਘ ਗੰਗਾ ਨਗਰ | ੨੦੧-੦੦ |
| ਸ: ਅਮਰਜੀਤ ਸਿੰਘ ਗੰਗਾ ਨਗਰ | ੫੧-੦੦ | ਸ: ਹਰਜੀਤ ਸਿੰਘ ਦਿੱਲੀ | ੨੫੦-੦੦ |
| ਅਖੰਡ ਕੀਰਤਨੀ ਜਥਾ ਬਰੇਲੀ | ੫੦੦-੦੦ | ਸ: ਰਾਜਿੰਦਰ ਸਿੰਘ ਕੈਨੇਡਾ | ੫੦੦-੦੦ |
| ਸ੍ਰੀਮਤੀ ਰਾਮਕੌਰ ਨਵੀਂ ਦਿੱਲੀ | ੧੦੦-੦੦ | ਸ: ਸੁਖਦੇਵ ਸਿੰਘ ਮਸਕਟ | ੩੭੫-੦੦ |
| ਭਾ:ਸੁਰਿੰਦਰ ਸਿੰਘ ਬੀ:ਗੁਰਬਖਸ਼ ਕੌਰ ਗ੍ਰੇਵਜ਼ੈਂਡ | ੧੦੦੦-੦੦ | ਸ: ਅਮਰਜੀਤ ਸਿੰਘ ਬਜਰਾ ਕਵੈਂਟਰੀ | ੫੦੦੦-੦੦ |
| ਸ: ਜਗਦੀਸ਼ ਸਿੰਘ ਅਲਿੰਗਟਨ | ੭੭-੦੦ | ਸ: ਅਜੀਤ ਸਿੰਘ ਵਿਰਦੀ | ੨੦-੦੦ |
| ਪ੍ਰਵਾਰ ਭਾ:ਪਰਮਜੀਤਸਿੰਘ ਹੁਸ਼ਿਆਰਪੁਰ(ਬਰਸੀ ਸਮੇਂ) | ੧੨੫-੦੦ | ਭਾਈ ਅਮਰਜੀਤ ਸਿੰਘ ਬਹਾਦਰਪੁਰ | ੨੦-੦੦ |
| ਭਾ: ਜਰਨੈਲ ਸਿੰਘ ਲਮਿੰਗਟਨ | ੫੦-੦੦ | ਸ: ਸਵਰਨ ਸਿੰਘ ਬਰਮਿੰਘਮ | ੧੫੦-੦੦ |
| ਭਾਈ ਸਤਨਾਮ ਸਿੰਘ ਲਿਸਟਰ | ੧੦੦-੦੦ | ਭਾਈ ਅਮਰਜੀਤ ਸਿੰਘ ਬੰਬਈ | ੧੦੧-੦੦ |

www.AKJ.Org

## ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਪੁਰਾਤਨ ਦੋ ਗੁਰਸਿਖ ਵਿਛੋੜਾ ਦੇ ਗਏ



ਭਾਈ ਨਰੈਣ ਸਿੰਘ ਜੀ



ਭਾਈ ਆਤਮਾ ਸਿੰਘ ਜੀ

# ਜਲੰਧਰ ਵਿਖੇ ਸਾਲਾਨਾ ਨਿਰੰਕਾਰੀ ਅਖੰਡ ਕੀਰਤਨ ਸਮਾਗਮ

### ੮ ਨਵੰਬਰ ਐਤਵਾਰ ਸਵੇਰ ਤੋਂ ੧੧ ਨਵੰਬਰ ਬੁਧਵਾਰ ਸਵੇਰ ਤਕ

੮ ਨਵੰਬਰ ਸਵੇਰੇ ੩ ਤੋਂ ੫ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ — ਲਾਇਲਪੁਰ ਖਾ: ਹਾ: ਸੈ: ਸਕੂਲ

ਸ਼ਾਮ ੬ ਤੋਂ ੯ ਸੋਦਰ ਤੇ ਕੀਰਤਨ — ਗੁਰਦਵਾਰਾ ਮਹੱਲਾ ਮਖ਼ਦੂਮਪੁਰ ਨਕੋਦਰ ਰੋਡ

੯ ਨਵੰਬਰ ਸਵੇਰੇ ੬ ਤੋਂ ੧੧ ਅਖੰਡ ਕੀਰਤਨ — ਗੁ: ਸ੍ਰੀ ਗੁਰੂ ਸਿੰਘ ਸਭਾ ਅਜੀਤ ਨਗਰ, ਨੇੜੇ ਅੰਬੇਦਕਰ ਰੋਡ

ਸ਼ਾਮ ੬ ਤੋਂ ੯ ਸੋਦਰ ਤੇ ਕੀਰਤਨ — ਲਾਇਲਪੁਰ ਖਾ: ਹਾ: ਸਕੈਂਡਰੀ ਸਕੂਲ

੧੦ ਨਵੰਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੭ ਵਜੇ ਅੰਮ੍ਰਿਤ-ਸੰਚਾਰ ਅਤੇ ਰੈਣ ਸਬਾਈ ਕੀਰਤਨ ਅਰੰਭ, ੧੧ ਨਵੰਬਰ ਸਵੇਰੇ ੬ ਵਜੇ ਸਮਾਪਤੀ ਲਾਇਲਪੁਰ ਖਾ: ਸਕੂਲ ਵਿਖੇ ।

ਨੋਟ—ਰਿਹਾਇਸ਼ ਤੇ ਲੰਗਰ ਖਾਲਸਾ ਹਾਇਰ ਸਕੈਂਡਰੀ ਸਕੂਲ ਨਕੋਦਰ ਰੋਡ ਵਿਖੇ । ਬਿਸਤਰੇ ਲੋੜ ਅਨਸਾਰ ਲਿਆਓ ।

## ਬੰਗਾ ਵਿਖੇ ਸਾਲਾਨਾ ਸਮਾਗਮ ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

੨੬ ਨਵੰਬਰ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ, ੨੮ ਨਵੰਬਰ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੭ ਵਜੇ ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ ਅਰੰਭ, ੨੯ ਨਵੰਬਰ ਸਵੇਰ ੬ ਵਜੇ ਸਮਾਪਤੀ।

ਨੋਟ—ਸਾਰਾ ਸਮਾਗਮ ਗੁਰਦਵਾਰਾ ਮਾਤਾ ਸਾਹਿਬ ਕੌਰ ਬੰਗਾ ਵਿਖੇ ਹੋਵੇਗਾ । ਲੋੜ ਅਨੁਸਾਰ ਬਿਸਤਰੇ ਲਿਆਓ ਜੀ।

## ਦਿਲੀ ਵਿਖੇ ਭਾਈ ਆਤਮਾ ਸਿੰਘ ਜੀ ਤੇ ਭਾਈ ਨਰੈਣ ਸਿੰਘ ਜੀ ਨਮਿਤ ਸਮਾਗਮ

ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਭਾ: ਆਤਮਾ ਸਿੰਘ ਪੰਜੋਖਰਾ ਸਾਹਿਬ ਅਤੇ ਭਾ: ਨਰੈਣ ਸਿੰਘ ਗੁਰਦਵਾਰਾ ਅਕਾਲੀ ਵਾਲਾ ਨਾਰੰਗਵਾਲ ਅਕਾਲ ਚਲਾਣਾ ਕਰ ਗਏ ਹਨ। ਇਨ੍ਹਾਂ ਗੁਰੂ ਪਿਆਰਿਆਂ ਨਮਿਤ ਵਿਸ਼ੇਸ਼ ਸਮਾਗਮ ਵਿਖੇ ੨੦ ਨਵੰਬਰ ਨੂੰ ਸ੍ਰੀ ਅਖੰਡਪਾਠ ਰਖ ਕੇ ੨੨ ਨਵੰਬਰ ਸਵੇਰੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ, ਨਾਨਕਪੁਰਾ, ਜੇਲ੍ਹ ਰੋਡ, ਨਵੀਂ ਦਿਲੀ ਵਿਖੇ ਹੋ ਰਹੇ ਹਨ।

## ਭਾਈ ਨਰੈਣ ਸਿੰਘ ਜੀ ਦੇ ਚਲਾਣੇ ਪਿਛੋਂ ਹਰ ਮਹੀਨੇ ਪਹਿਲੇ ਹਫਤੇ ਰੈਣ ਸਬਾਈ ਕੀਰਤਨ

ਨਾਰੰਗਵਾਲ (ਲੁਧਿਆਣਾ ਵਿਖੇ ੭ ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ

**ਹਰਪੁਰਾ (ਧੰਦੋਈ) ਗ੍ਰਹਿ ਭਾ: ਬਾਵਾ ਸਿੰਘ, ੭ ਨਵੰਬਰ ਭੋਗ ਅਖੰਡਪਾਠ,ਤੇ ਕੀਰਤਨ, ਰਾਤ ਰੈਣ ਸਬਾਈ**

**ਦੋਰਾਹਾ ਮੰਡੀ ਗੁ: ਸਿੰਘ ਸਭਾ, ੨੧ ਨਵੰਬਰ ਸਵੇਰ ਭੋਗ ਅਖੰਡਪਾਠ ਰਾਤ ਰੈਣ ਸਬਾਈ**

**ਗੁਰਦਾਸਪੁਰ ਗੁ: ਸਿੰਘ ਸਭਾ, ੨੧ ਨਵੰਬਰ ਅਖੰਡਪਾਠ, ਅੰਮ੍ਰਿਤ ਸੰਚਾਰ, ਰੈਣ ਸਬਾਈ ਕੀਰਤਨ**

**ਕਾਨਪੁਰ,ਸ਼ਹੀਦ ਗੁਰਚਰਨਜੀਤ ਸਿੰਘ ੨੦੧-ਸ਼ੰਕਰ ਰੋਡ,੨੨ ਨਵੰਬਰ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ**

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫੋਨ ਪੀ. ਪੀ. 43045)

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org